# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ

ਨਵੰਬਰ ੧੯੭੭

Nov. 1977



ਪਾਕਿਸਤਾਨ ਵਿਚ ਆ ਜਾਣ ਕਰਕੇ ਇਸ ਪਵਿਤਰ ਅਸਥਾਨ ਤੋਂ ਅਸੀਂ ਵਿਛੜੇ ਫਿਰਦੇ ਹਾਂ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦–੬੮–੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਸੁਜਸੁ ਗਾਵਉ ਗੁਰ ਨਾਨਕ | ਭੱਟਾਂ ਦੇ ਸਵਈਏ | ੧ |
| ਅਕਾਲ ਪੁਰਖ ਨਾਲ ਸਦਾ ਅਭੇਦ ਗੁਰੂ ਨਾਨਕ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਅਨੋਖਾ ਪੁਤਲਾ (ਕਵਿਤਾ) | ਸ. ਵਿਧਾਤਾ ਸਿੰਘ ਜੀ ਤੀਰ | ੪ |
| ਰੰਗ ਕਰਤਾਰ ਦੇ (ਗੁਰਪੁਰਬ ਕਵਿਤਾ) | ਭਾਈ ਸਾਹਿਬ ਰਣਧੀਰ ਸਿੰਘ ਜੀ | ੫ |
| "ਏਕਾ ਸੁਰਤਿ ਜੇਤੇ ਹੈ ਜੀਅ" | ਸਾਰੰਗ ਜੀ, ਕਪੂਰਥਲਾ | ੧੦ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੨ |
| ਨਿਰਣੈ ਦਾ ਸਰੂਪ | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ | ੧੫ |
| ਸੰਤ ਗੁਰੂ—ਗੁਰੂ ਨਾਨਕ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੦ |
| "ਰਾਮਦਾਸ ਸਰੋਵਰਿ ਨਾਤੇ" (ਕਵਿਤਾ) | ਭਾਈ ਭਜਨ ਸਿੰਘ ਜੀ ਭਿੰਡਰ | ੨੨ |
| ਮੜ੍ਹੀਆਂ ਦਾ ਛੇੜੂ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੨੩ |
| "ਅੰਮ੍ਰਿਤਸਰੁ ਸਿਫਤੀ ਦਾ ਘਰੁ" (ਕਵਿਤਾ) | ਸ: ਮਨੋਹਰ ਸਿੰਘ ਜੀ ਮਾਰਕੋ | ੨੪ |
| ਕਾਸਾ ਅੰਮ੍ਰਿਤ ਦਾ ਗੁਰੂ ਨਾਨਕ ਦੀ ਬਾਣੀ (ਕਵਿਤਾ) | ਸ. ਮਹਿੰਦਰ ਸਿੰਘ ਜੀ ਭੰਵਰਾ | ੨੫ |
| ਸ਼ਹੀਦ ਬੀਬੀ ਸ਼ਰਨ ਕੌਰ | ਸ: ਵਰਿਆਮ ਸਿੰਘ ਜੀ | ੨੭ |
| ਗੁਰਬਾਣੀ ਦਾ ਸਤਿਕਾਰ ਪਹਿਲੋਂ ਕਿ ਅੱਜ ? | "ਸੂਰਾ" ਪਰਵਾਰ | ੨੯ |
| ਜਹਾਂ ਜਹਾਂ ਖ਼ਾਲਸਾ ਜੀ ਸਾਹਿਬ | ,, ,, | ੩੨ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੩੫ |
| ਗੁਜਰਵਾਲ (ਮੱਲਿਆਣੇ) ਦੀ ਢਾਬ | ਜੀਵਨ ਚਰਿੱਤਰ ਵਿਚੋਂ | ੩੮ |


## ਨਵੰਬਰ 1977 ਵਿਚ ਗੁਰਪੁਰਬ

| | |
|---|---|
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰ-ਗਦੀ | ੫ ਨਵੰਬਰ |
| ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਜੋਤੀ ਜੋਤਿ | ੫ ਨਵੰਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੱਦੀ ਨੰਦੇੜ | ੧੨ ਨਵੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ | ੧੫ ਨਵੰਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ | ੨੫ ਨਵੰਬਰ |


## ਗੁਰਬਾਣੀ ਦੇ ਖੋਜੀ ਵਿਦਵਾਨ ਪ੍ਰੋ: ਸਾਹਿਬ ਸਿੰਘ ਜੀ ਚਲ ਬਸੇ

੨੯ ਅਕਤੂਬਰ ੧੯੭੭ ਨੂੰ ਗੁਰੂ ਰਾਮਦਾਸ ਦੇ ਜਨਮ ਉਤਸ਼ਵ ਵਾਲੇ ਦਿਵਸ ਪਰਸਿਧ ਵਿਦਵਾਨ ਪ੍ਰੋ: ਸਾਹਿਬ ਸਿੰਘ ਜੀ ਸਰੀਰਕ ਚੋਲਾ ਛਡ ਗਏ । ਉਨ੍ਹਾਂ ਦੀ ਕਲਿਆਨ ਨਮਿਤ ੬ ਨਵੰਬਰ ਨੂੰ ਭਾਈ ਵੀਰ ਸਿੰਘ ਹਾਲ ਲਾਰੰਸ ਰੋਡ ਅੰਮ੍ਰਿਤਸਰ ਵਿਖੇ ਦਿਨੇ ਢਾਈ ਤੋਂ ਪੰਜ ਤਕ ਕੀਰਤਨ ਹੋਵੇਗਾ । ਅਰਦਾਸ ਹੈ ਕਿ ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩.੧੧.੭੭ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫ਼ੋਨ ਨੰਬਰ 5 1 8 4 7

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਾਲਾਨਾ ਚੰਦਾ ੮–੦੦
ਇਕ ਪਰਚਾ ੦–੭੫
ਪਰਦੇਸ
ਸਮੰਦਰੀ ਡਾਕ ੧੮–੫੦
ਹਵਾਈ ਡਾਕ
ਅਰਬ, ਮਲਾਇਆ ੩੫–੦੦
ਯੂ. ਕੇ., ਅਫਰੀਕਾ ੪੫–੦੦
ਕੈਨੇਡਾ, ਅਮਰੀਕਾ ੫੫–੦੦

**ਸੰਪਾਦਕੀ ਬੋਰਡ**
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

**ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵੱਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੧੧ ਨਵੰਬਰ ੧੯੭੭ ਅੰਕ ੧੧

# ਸੁਜਸੁ ਗਾਵਉ ਗੁਰ ਨਾਨਕ

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥

ਗਾਵਹਿ ਕਪਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥
ਗਾਵੈ ਜਮਦਗਨਿ ਪਰਸ ਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥
ਉਧੌ ਅਕ੍ਰੂਰ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥
ਕਬਿ ਕਲ੍ਯ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥

[ਸਵਈਏ ਮਹਲੇ ਪਹਿਲੇ ਕੇ, ੧੩੮੯

ਜੁਗਤਿ ਜੋਗੇਸੁਰ = ਵਡੇ ਵਡੇ ਜੋਗੀਆਂ ਸਮੇਤ । ਅਛਲ ਛਲਾ = ਮਾਇਆ ਤੋਂ ਨਾ ਛਲੇ ਜਾ ਸਕਣ ਵਾਲੇ ਗੁਰੂ ਨਾਨਕ । ਅਪਰੰਪਰ ਅਵਤਾਰ ਵਰੋ = ਬੇਅੰਤ ਵਾਹਿਗੁਰੂ ਦੇ ਸਰੇਸ਼ਟ ਅਵਤਾਰ ਗੁਰੂ ਨਾਨਕ ਨੂੰ । ਧੋਮੁ = ਰਿਸ਼ੀ ਦਾ ਨਾਂ ।

ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :—

ਮੈਨੇਜਰ 'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# ਅਕਾਲ ਪੁਰਖ ਨਾਲ ਸਦਾ ਅਭੇਦ ਗੁਰੂ ਨਾਨਕ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਖੰਡਾਂ ਬ੍ਰਹਿਮੰਡਾਂ ਦਾ ਉਧਾਰ ਨਿਸਤਾਰਾ ਕਰਨ ਵਿਚ ਸਦਾ ਸਦਾ ਰੁੱਝੇ ਰਹਿਣ ਵਾਲੇ ਗੁਰੂ ਨਾਨਕ ਸਾਹਿਬ, ਜੋਤਿ ਨਿਰੰਜਨੀ ਅਕਾਲ ਪੁਰਖ ਦੀ ਜੋਤਿ ਵਿਖੇ ਸਦਾ ਲੀਨ ਰਹਿੰਦੇ ਹਨ। ਜੋਤਿ ਕਰਕੇ ਓਤ ਪੋਤ ਅਕਾਲ ਪੁਰਖ ਸੇਤੀ ਇਕ ਮਿਕ ਰਹਿਣ ਵਾਲੇ ਗੁਰੂ ਨਾਨਕ, ਆਪਣੀ ਵਿਸਮਾਦ ਰੰਗਾਂ ਵਿਚ ਖੇਡਣ ਵਾਲੀ ਲੋਇਣ-ਦ੍ਰਿਸ਼ਟੀ, ਅਦ੍ਰਿਸ਼ਟ ਅਕਾਲ ਪੁਰਖ ਦੇ ਲਿਵ-ਰੰਗਾਂ ਵਿਚ ਸਦਾ ਹੀ ਲੀਨ ਰਖਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਸਦਾ ਹੀ ਵਾਹਿਗੁਰੂ ਨਾਲ ਜੁੜੀ ਰਹਿੰਦੀ ਹੈ। ਇਕ ਨਿਮਖ ਮਾਤ੍ਰ ਭੀ ਅਦ੍ਰਿਸ਼ਟ ਅਕਾਲ ਪੁਰਖ ਦੇ ਵਿਸਮਾਦੀ ਰੰਗਾਂ ਨੂੰ ਪੇਖਣ ਵਿਚ ਗਡੀ ਰਹਿਣ ਤੋਂ ਲਾਂਭੇ ਨਹੀਂ ਹੁੰਦੀ। ਦ੍ਰਿਸ਼ਟਮਾਨ ਪਦਾਰਥਾਂ ਤੋਂ ਸਦਾ ਉਚੇਰੇ ਰਹਿਣ ਵਾਲੇ ਸਤਿਗੁਰੂ ਨਾਨਕ, ਅਦ੍ਰਿਸ਼ਟ ਵਾਹਿਗੁਰੂ ਨਿਰੰਕਾਰ ਨੂੰ ਸਦਾ ਹੀ ਨੇਰੇ ਹੂੰ ਤੇ ਨੇਰੇ ਪੇਖਦੇ ਹਨ। ਜੈਸੇ ਕਿ--''ਲੋਇਣ ਦੇਖਿ ਰਹੇ ਬਿਸਮਾਦੀ''* ਗੁਰਵਾਕ ਦਾ ਭਾਵ ਹੈ।

ਜੋ ਅਕਾਲ ਪੁਰਖ ਵਾਹਿਗੁਰੂ ਸੰਸਾਰੀ ਜੀਵਾਂ ਲਈ ਸਦਾ ਅਦ੍ਰਿਸ਼ਟ ਹੈ ਉਹ ਗੁਰੂ ਨਾਨਕ ਨਿਰੰਕਾਰੀ ਦੇ ਸਾਂਗੋ ਪਾਂਗ ਦ੍ਰਿਸ਼ਟਿ ਗੋਚਰਾ ਹੀ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਦੀ ਦਿੱਬਯ ਦ੍ਰਿਸ਼ਟੀ ਅਕਾਲ ਪੁਰਖ ਨੂੰ ਸਦਾ ਹੀ ਪਰਤੱਖ ਪੇਖਣਹਾਰੀ ਰਹਿੰਦੀ ਹੈ। ਏਸੇ ਦਿੱਬਯ ਦ੍ਰਿਸ਼ਟੀ ਦੇ, ਵਾਹਿਗੁਰੂ ਨੂੰ ਸਦਾ ਪੇਖਣਹਾਰੀ ਹੋਣ ਕਰਕੇ, ਗੁਰੂ ਨਾਨਕ ਸਾਹਿਬ ਸਦਾ ਹੀ ਵਾਹਿਗੁਰੂ ਨਾਲ ਅਭੇਦ ਰਹਿੰਦੇ ਹਨ। ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਭੇਜੇ ਹੋਏ ਗੁਰੂ ਨਾਨਕ ਸਾਹਿਬ ਇਕ ਛਿਨ ਮਾਤ੍ਰ ਭੀ ਅਕਾਲ ਵਾਹਿਗੁਰੂ ਤੋਂ ਦੂਰ ਨਹੀਂ ਹੁੰਦੇ।

ਜਿਸ ਪ੍ਰਕਾਰ ਸਤਿਗੁਰੂ ਨਾਨਕ ਸਾਹਿਬ ਲੋਇਣ ਦ੍ਰਿਸ਼ਟੀ ਕਰਕੇ ਸਦਾ ਹੀ ਵਾਹਿਗੁਰੂ ਜੋਤੀ ਸਰੂਪ ਨੂੰ ਪੇਖਦੇ ਪਰਸਦੇ ਰਹਿੰਦੇ ਹਨ, ਇਸੇ ਪ੍ਰਕਾਰ ਸ੍ਰਵਣਾਂ ਕਰਕੇ ਗੁਰੂ ਨਾਨਕ ਸਾਹਿਬ ਛਿਨ ਛਿਨ ਪਾਰਸ-ਰਸਾਇਣੀ ਅੰਮ੍ਰਿਤੀ ਅਨਹਤ ਵਾਜੇ ਸੁਣਦੇ ਰਹਿੰਦੇ ਹਨ। ਜੈਸਾ ਕਿ—''ਸੁਨੀਐ ਬਾਜੈ ਬਾਜ ਸੁਹਾਵੀ''* ਦੇ ਗੁਰਵਾਕ ਦੇ ਭਾਵ ਤੋਂ ਪ੍ਰਗਟ ਹੈ ਕਿ ਜਿਨ੍ਹਾਂ ਬਾਜਿਆਂ ਦੀ ਬਾਜ ਦੁਨਿਆਵੀ ਵਾਜਿਆਂ ਤੋਂ ਅਤੀ ਸੁੰਦਰ ਅਤਿ ਵਿਲੱਖਣ ਹੁੰਦੀ ਹੈ, ਐਸੇ ਅਨੂਪਮ ਅਨਹਤ ਵਾਜੇ ਸੁਨਣ ਵਿਚ ਗੁਰੂ ਨਾਨਕ ਸਾਹਿਬ ਦੀ ਸਰੋਤ-ਬਿਰਤੀ ਮਹਿਵ ਅਤੇ ਮਤਵਾਰੀ ਰਹਿੰਦੀ ਹੈ। ਏਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਦੀ ਪਾਰਸ-ਛੋਹ ਪਰਸਨਹਾਰੇ ਸੁਭਾਗਿਆਂ ਅਤੇ ਸੁਹਾਗਵੰਤਿਆਂ ਨੂੰ ਤੱਤ-ਛਿਨ ਵਿਚ ਹੀ ਲਿਵ-ਸਰਨਾਗੇ ਕਰ ਲੈਂਦੀ ਹੈ। ਐਸੀ ਆਕਰਖਣੀ ਕ੍ਰਿਸ਼ਮ-ਕਲਾ ਕੇਵਲ ਨਾਨਕ ਨਿਰੰਕਾਰੀ ਦੇ ਦਿੱਬਯ ਗੁਰੂ ਜੋਤਿ ਜਾਮੇ ਅੰਦਰ ਹੀ ਹੈ। ਖੰਡਾਂ ਬ੍ਰਹਿਮੰਡਾਂ ਦੇ ਉਧਾਰਨ ਨਿਸਤਾਰਨਹਾਰੇ ਗੁਰੂ ਨਾਨਕ ਸਾਹਿਬ ਧੁਰੋਂ ਬਖ਼ਸ਼ਿਆ ਹੋਇਆ ਗੁਰੱਤਤਾ ਦਾ ਕਾਰਜ ਕਰਦੇ ਹੋਏ ਆਪਣੇ ਮਹਿਬੂਬ ਵਾਹਿਗੁਰੂ ਦੀ ਜੋਤਿ ਨਾਲ ਜੋਤਿ ਸਦਾ ਮਿਲਾਈ ਰਖਦੇ ਹਨ।

ਇਹ ਗੱਲ ਕਹਿਣੀ ਮਹਾਂ ਅਗਿਆਨਤਾ ਹੈ ਕਿ ਸੰਸਾਰ ਨੂੰ ਉਧਾਰਨ ਵਿਚ ਰੁੱਝੇ ਹੋਏ ਗੁਰੂ ਨਾਨਕ ਨਿਰੰਕਾਰੀ, ਨਿਰੰਕਾਰ ਵਾਹਿਗੁਰੂ ਤੋਂ ਪਰੇਡੇ ਹੋ ਜਾਂਦੇ ਹਨ, ਜਾਂ ਵਾਹਿਗੁਰੂ ਦੀ ਹਜ਼ੂਰੀ ਤੋਂ ਦੂਰ ਹੋ ਜਾਂਦੇ ਹਨ। ਅੰਮ੍ਰਿਤ ਦ੍ਰਿਸ਼ਟੀ ਵਾਲੇ ਗੁਰੂ ਨਾਨਕ ਸਾਹਿਬ ਦੀ ਅੰਮ੍ਰਿਤ ਦ੍ਰਿਸ਼ਟੀ ਅਤੇ ਅੰਮ੍ਰਿਤ ਸੁਰਤੀ ਬਿਰਤੀ ਸਦਾ ਹੀ ਸੱਚੀ ਲਿਵਤਾ ਵਿਚ ਹੀ ਪ੍ਰੋਤੀ ਰਹਿੰਦੀ ਹੈ।

ਜਿਤਨੇ ਭੀ ਗੁਰੂ ਜੋਤਿ ਜਾਮੇ ਹੋਏ ਹਨ, ਜੀਆ-ਦਾਨੀ ਪਰਉਪਕਾਰ ਨਮਿਤ ਸੰਸਾਰ ਵਿਚ ਰਹਿੰਦੇ ਹੋਏ ਭੀ, ਵਾਹਿਗੁਰੂ ਨਿਰੰਕਾਰ ਦੀ ਜੋਤਿ ਨਾਲ ਖਿਨ ਖਿਨ ਜੁੜੇ ਰਹਿੰਦੇ ਸਨ, ਸਦਾ ਹੀ ਅਭੇਦ ਵਰਤਦੇ ਸਨ। ਇਕ ਖਿਨ ਭੀ ਜੋਤੀ ਸਰੂਪ ਵਾਹਿਗੁਰੂ ਤੋਂ ਭਿੰਨ ਨਹੀਂ ਹੁੰਦੇ ਸਨ, ਹੁਣ ਭੀ

*ਰਾਮਕਲੀ ਮ: ੩ ਅਸਟ, ਅੰਕ ੨੪, ਪੰਨਾ ੯੧੦

*ਮਲਾਰ ਮ: ੫, ਪੰਨਾ ੧੨੭੯



www.AKJ.Org

ਸੰਸਾਰੀ ਜੀਵਾਂ ਦੇ ਨਿਸ਼ਤਾਰਨ ਲਈ ਨਿਰੰਕਾਰੀ ਗੁਰੂ ਨਾਨਕ ਜਦੋਂ ਭੀ ਜਗਤ ਵਿਖੇ ਆਉਂਦਾ ਹੈ ਤੇ ਆਪਣੀ ਜੋਤਿ ਜਗਾਉਂਦਾ ਹੈ ਤਾਂ ਵਾਹਿਗੁਰੂ ਨਿਰੰਕਾਰ ਸੇਤੀ ਉਹ ਜੁੜਿਆ ਹੀ ਰਹਿੰਦਾ ਹੈ। ਨਿਰੰਕਾਰੀ ਗੁਰੂ ਨਾਨਕ ਸਾਹਿਬ ਦੀ ਅਭੇਦ ਵਰਤਣ ਵਾਹਿਗੁਰੂ ਨਾਲ ਬਣੀ ਹੀ ਰਹਿੰਦੀ ਹੈ। ਦਿੱਬਯ ਜੋਤੀ ਸਰੂਪ ਗੁਰੂ ਨਾਨਕ ਸਾਹਿਬ ਆਪਣੀ ਦਿੱਬਯ ਦੇਹ ਸਹਿਤ ਪਾਤਰ ਗੁਰਸਿਖਾਂ ਨੂੰ ਦਰਸ਼ਨ ਦਿੰਦਾ ਹੋਇਆ ਕਦੇ ਭੀ ਨਿਰੰਕਾਰ ਵਾਹਿਗੁਰੂ ਦੇ ਸਚਖੰਡ-ਵਾਸ ਤੋਂ ਜੁਦਾ ਨਹੀਂ ਹੁੰਦਾ। ਇਹ ਇਕ ਐਸਾ ਭੇਦ ਹੈ ਜਿਸ ਨੂੰ ਸੰਸਾਰ-ਕਾਰ ਬੁਧੀ ਵਾਲੇ ਜੀਵ ਨਹੀਂ ਜਾਣ ਸਕਦੇ, ਨਿਰੰਕਾਰ ਸਹਿਤ ਅਭੇਦ ਗੁਰਮੁਖ ਜਨ ਹੀ ਇਸ ਰਮਜ਼ ਨੂੰ ਪਛਾਣ ਸਕਦੇ ਹਨ।

ਸੁਰਤੀ ਮਿਰਤੀ ਗੁਰੂ ਨਾਨਕ ਸਾਹਿਬ ਦੀ ਹਰ ਸਮੇਂ ਹੀ ਵਾਹਿਗੁਰੂ ਚਰਨਨ ਵਿਚ ਚੁਭੀ ਰਹਿੰਦੀ ਹੈ, ਜੋ ਕਦੇ ਭੀ ਅਕਾਲ ਪੁਰਖ ਦੀ ਹਜ਼ੂਰੀ ਤੋਂ ਦੂਰ ਨਹੀਂ ਹੋਣ ਦਿੰਦੀ। ਜੈਸੇ ਅਕਾਲ ਪੁਰਖ ਵਾਹਿਗੁਰੂ ਇਕ-ਦੇਸ ਵਾਸੀ ਹੁੰਦਾ ਹੋਇਆ ਸਾਰੀ ਕਾਇਨਾਤ ਵਿਖੇ ਸਮਾਇਆ ਹੋਇਆ ਹੈ, ਯਥਾ ਗੁਰਵਾਕ—

ਜਿਉ ਸੂਰਜ ਕਿਰਣਿ ਰਵਿਆ ਸਰਬ ਠਾਈ ॥
ਤਿਉ ਘਟਿ ਘਟਿ ਰਾਮੁ ਰਵੀਜੈ ॥...੪॥

[ਕਲਿਆਨ ਮ: ੪, ਪੰਨਾ ੧੩੨੬

ਐਸੇ ਹੀ ਵਾਹਿਗੁਰੂ ਅਕਾਲ ਪੁਰਖ ਦੀ ਜੋਤਿ ਨਾਲ ਇਕ ਮਿਕ ਅਤੇ ਸਦਾ ਅਭੇਦ ਹੋਇਆ ਗੁਰੂ ਨਾਨਕ, ਆਪਣੀ ਦਿੱਬਯ ਸਤਾ ਕਰਕੇ ਅਕਾਲ ਪੁਰਖ ਨਾਲ ਅਭੇਦ ਹੀ ਰਹਿੰਦਾ ਹੈ, ਭਾਵੇਂ ਅਭੇਦ ਹੁੰਦਾ ਹੋਇਆ ਆਪਣੇ ਗੁਰੱਤਤਾ ਸਰੂਪ ਦੀ ਦਿੱਬਤਾ ਸਪੰਨ ਆਭਾ ਭਿੰਨ ਭਿੰਨ ਹੀ ਮਾਰਦਾ ਰਹਿੰਦਾ ਹੈ। ਇਸੇ ਦਿੱਬਯਤਾ ਸਰੂਪ ਵਾਲੀ ਆਭਾ ਅੰਦਰ, ਸੰਸਾਰ ਵਿਖੇ ਆ ਕੇ ਜੀਵਨ-ਜੋਤਿ ਜਗਮਗੀ ਗੁਰਮੁਖ ਜਨਾਂ ਨੂੰ ਆਪਣਾ ਦਰਸ ਜਲਵਾ ਵੀ ਦਿਖਾ ਜਾਂਦਾ ਹੈ।

ਤਾਂ ਤੇ ਨਿਰੰਕਾਰ ਵਾਹਿਗੁਰੂ ਸਰੂਪ ਗੁਰੂ ਨਾਨਕ ਦੇਵ ਕਦੇ ਭੀ ਦਿੱਬਯ ਜੋਤਿ ਸਪੰਨ, ਆਪਣੇ ਮੂਲ ਸੋਮੇ ਵਾਹਿਗੁਰੂ ਤੋਂ ਦੂਰ ਨਹੀਂ ਹੁੰਦਾ। ਗੁਰੂ ਨਾਨਕ ਨਿਰੰਕਾਰ ਦੀ ਦਿੱਬਯ ਜੋਤਿ ਸਰੂਪਤਾ ਵਾਲ ਸਤਿਆ ਵਾਹਿਗੁਰੂ ਨਿਰੰਕਾਰ ਨਿਕਟਤਾ ਵਿਖੇ ਜਿਉਂ ਕੀ ਤਿਉਂ ਹਾਜ਼ਰ ਨਾਜ਼ਰ ਅਤੇ ਜ਼ਹੂਰ ਪਜ਼ੀਰ ਹੀ ਰਹਿੰਦੀ ਹੈ।

ਗੁਰੂ ਨਾਨਕ ਸਾਹਿਬ ਆਪਿ ਅਕਾਲ ਪੁਰਖ ਦਾ ਰੂਪ ਧਾਰ ਕੇ ਉਧਾਰਨ ਜੋਗ ਪਾਤਰ ਰੂਹਾਂ ਦੇ ਪਾਸ, ਸਿਖ ਸੰਤ ਬਣਨ ਜੋਗ ਗੁਰਮੁਖ ਜਨਾਂ ਦੇ ਪਾਸ ਉਧਾਰਨ ਖ਼ਾਤਰ ਆਉਂਦੇ ਰਹੇ ਅਤੇ ਹੁਣ ਭੀ ਆਉਂਦੇ ਹਨ। ਯਥਾ ਗੁਰਵਾਕ—

ਸੰਤਨ ਪਹਿ ਆਪਿ ਉਧਾਰਨ ਆਇਓ॥੧॥ਰਹਾਉ॥

[ਕਾਨੜਾ ਮ: ੫, ਪੰਨਾ ੧੨੯੯

ਇਸ ਬਿਧ ਉਧਾਰਨ ਆਏ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਭੇਟ ਕੇ ਹੀ ਭੇਟਣਹਾਰੇ ਪਾਤਰ ਜਨ ਨਿਹਾਲ ਅਤੇ ਪਵਿਤਰ ਹੋ ਗਏ। ਇਹ ਕੇਵਲ ਗੁਰਮਤਿ ਨਾਮ, ਗੁਰਮੰਤਰ ਨਾਮ ਵਾਹਿਗੁਰੂ ਹੀ ਹੈ ਜੋ ਪਤਿਤਾਂ ਨੂੰ ਪੁਨੀਤ ਕਰਨਹਾਰਾ ਹੈ ਅਤੇ ਕੇਵਲ ਗੁਰੂ ਨਾਨਕ ਸਾਹਿਬ ਹੀ ਹਨ, ਜੋ ਗੁਰਮੰਤਰ ਨੂੰ ਦ੍ਰਿੜ੍ਹਾਉਣ ਦਾ ਧੁਰੋਂ ਹੁਕਮ-ਮਈ ਅਧਿਕਾਰ ਲੈ ਕੇ ਆਏ ਹਨ। ਇਸ ਬਿਧ ਧੁਰੋਂ ਆਏ ਧੁਰੋਂ ਪਠਾਏ ਗੁਰੂ ਨਾਨਕ ਸਚੇ ਸਾਧ ਗੁਰੂ ਦੇ ਤੁਫ਼ੈਲ ਸਾਰੇ ਜਗਤ ਦਾ ਉਧਾਰ ਹੋਇਆ ਅਤੇ ਹੁੰਦਾ ਰਹੇਗਾ। ਯਥਾ ਗੁਰਵਾਕ—

ਸੰਤ ਪ੍ਰਸਾਦਿ ਤਰੇ ਕੁਲ ਲੋਗਾ
ਨਾਨਕ ਲਿਪਤ ਨ ਮਾਇਓ ॥੪॥੭॥

[ਕਾਨੜਾ ਮ: ੫, ਪੰਨਾ ੧੨੯੯

ਧੰਨ ਗੁਰੂ ਨਾਨਕ ਸਾਹਿਬ! ਜੋ ਸਦਾ ਹੀ ਅਲੇਪ ਰਹੇ, ਕਦੇ ਭੀ ਦ੍ਰਿਸ਼ਟਮਾਨ ਮਾਇਕ ਪਦਾਰਥਾਂ ਵਿਖੇ ਲਿਪਾਇਮਾਨ ਨਹੀਂ ਹੋਏ, ਨਾਮੀ ਵਾਹਿਗੁਰੂ ਰੂਪੀ ਅਦ੍ਰਿਸ਼ਟ ਪਦਾਰਥ ਵਾਹਿਗੁਰੂ ਨਾਮ ਵਿਖੇ ਹੀ ਲੀਨ ਰਹੇ। ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਨਾਨਕ ਰੂਪੀ ਸੱਚੇ ਸਤਿਗੁਰੂ ਨੂੰ ਸੱਚੀ ਭੇਟਣੀ ਭੇਟਿਆ, ਉਹ ਭੀ ਮੁੜ ਮਾਇਆ ਵਿਚ ਲਿਪਾਇਮਾਨ ਨਹੀਂ ਹੋਏ; ਮਾਇਕ ਪਦਾਰਥਾਂ ਦੇ ਲੇਪ ਛੇਪ ਤੋਂ ਸਦਾ ਨਿਰਲੇਪ ਹੀ ਰਹੇ।



www.AKJ.Org

ਹੁਣ ਭੀ ਗੁਰੂ ਨਾਨਕ ਸਾਹਿਬ ਆਪ ਆਪਣੇ ਪਾਤਰ ਜਨਾਂ ਨੂੰ ਖ਼ੁਦ ਪਰਸਣ ਆਉਂਦੇ ਹਨ ਅਤੇ ਸੱਚੀ ਪਰਸਣੀ ਪਰਸ ਕੇ, ਪਾਰਸ ਰੂਪ ਹੁੰਦੇ ਹੋਏ ਭੀ ਜੋਤਿ ਸਰੂਪ ਵਾਹਿਗੁਰੂ ਵਿਖੇ ਲੀਨ ਰਹਿੰਦੇ ਹਨ। ਧੰਨ ਗੁਰੂ ਨਾਨਕ:—

> ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ਰਹਾਉ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥ ੨॥੭॥੧੨੯॥ [ਆਸਾ ਮ: ੫, ਪੰਨਾ ੪੦੩

ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ ! ਜੋ ਆਪਣੇ ਸੇਵਕਾਂ ਸੇਵਾ-ਪਾਤਰ ਗੁਰਸਿੱਖਾਂ ਨੂੰ ਪਰਸਣ ਆਉਂਦਾ ਹੈ ਤੇ ਪਰਸਣ ਖ਼ਾਤਰ ਆਉਂਦਾ ਹੈ।

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

# ਅਨੋਖਾ ਪੁਤਲਾ

[ ਵਲੋਂ: —ਸ: ਵਿਧਾਤਾ ਸਿੰਘ ਜੀ 'ਤੀਰ' ]

ਘੜਨ ਲੱਗਿਆਂ ਰੱਬ ਨੇ ਇੱਕ ਪੁਤਲਾ,
ਕਾਰੀਗਰੀ ਦੀ ਹੱਦ ਮੁਕਾ ਦਿੱਤੀ।
ਜੁੱਸਾ ਜੱਸ ਦਾ, ਦਰਦ ਦਾ ਦਿੱਲ ਪਾਇਆ,
ਮਿਹਰ ਮੰਨ ਉੱਤੇ ਸਾਰੀ ਲਾ ਦਿੱਤੀ।
ਹੱਥ ਬਰਕਤਾਂ ਦੇ, ਪੈਰ ਨੇਕੀਆਂ ਦੇ,
ਸਾਰੀ ਚਾਨਣੀ ਚਿਹਰੇ ਵਿਚ ਪਾ ਦਿੱਤੀ।
ਤਾਲੂ ਤਰਸ ਦਾ, ਦਇਆ ਦੇ ਦੰਦ ਲਾਏ,
ਨਾਮ ਆਪਣੇ ਦੀ ਜੀਭ ਲਾ ਦਿੱਤੀ।
ਲਾ ਕੇ ਅੱਖੀਆਂ ਸਿਦਕ ਪ੍ਰੇਮ ਦੀਆਂ,
ਦਿਲੋਂ ਰੀਝਿਆ ਬੜਾ ਤੇ ਹੱਸਿਆ ਉਹ।
ਪੋਚਾ ਫੇਰ ਕੇ ਓਸ ਤੇ ਸਾਦਗੀ ਦਾ,
ਓਸ ਬੁੱਤ ਅੰਦਰ ਆਪ ਵੱਸਿਆ ਉਹ।੧।
ਉਦ੍ਹੇ ਨੈਣੀਂ ਸੀ ਠੰਢ ਹਿਮਾਲੀਆ ਦੀ,
ਨੈਣਾਂ ਨਾਲ ਉਹ ਤਪਿਆਂ ਨੂੰ ਠਾਰਦਾ ਸੀ।
ਅੰਮ੍ਰਿਤ ਵੰਡਦਾ ਸੀ ਅੱਕਾਂ ਰੀਠਿਆਂ ਨੂੰ,
ਬਣਿਆ ਦਿੱਲ ਉਸ ਦਾ ਅੰਮ੍ਰਿਤ-ਧਾਰ ਦਾ ਸੀ।
ਉਦ੍ਹੀ ਨਜ਼ਰ ਦੀ ਬੇੜੀ ਤੇ ਚੜ੍ਹੇ ਜਿਹੜਾ,
ਭੱਵ-ਸਾਗਰੋਂ ਓਸਨੂੰ ਤਾਰਦਾ ਸੀ।
ਧਨੀ ਜਿਨ੍ਹਾਂ ਵਲ ਵੇਖ ਕੇ ਥੁੱਕਦੇ ਸੀ,
ਪਹੁੰਚ ਪਹੁੰਚ ਉਹ ਉਨ੍ਹਾਂ ਨੂੰ ਪਿਆਰਿਦਾ ਸੀ।
ਜਾਤ-ਪਾਤ ਸੀ ਤੋੜਦਾ ਮਾਰ ਸੱਟਾਂ,
ਨਾਲ ਰੱਬ ਦੇ ਜੀਆਂ ਨੂੰ ਜੋੜਦਾ ਸੀ।
ਜਦੋਂ ਬਾਣ ਉਹ ਬਾਣੀ ਦੇ ਮਾਰਦਾ ਸੀ,
ਫੜ ਕੇ ਜ਼ਿੰਦਗੀ ਦੇ ਵਹਿਣ ਮੋੜਦਾ ਸੀ।੨।
ਹਿੰਦੂ ਨਹੀਂ ਸੀ, ਨਾ ਮੁਸਲਮਾਨ ਹੀ ਸੀ,
ਪਰਮ ਪੁਰਖ ਸੀ ਪਰਮ ਇਨਸਾਨ ਸੀ ਉਹ।
ਨਵੇਂ ਰਾਹ ਤੇ ਪੰਧ ਉਲੀਕਦਾ ਸੀ,
ਨਵੀਂ ਜ਼ਿੰਦਗੀ ਦਾ ਦੇਂਦਾ ਦਾਨ ਸੀ ਉਹ।
ਨਵੀਂ ਜੋਤਨਾ ਸੂਝ ਦੀ ਵੰਡਦਾ ਸੀ,
ਨਵੀਂ ਪਾਉਂਦਾ ਮੋਇਆਂ ਚਿ ਜਾਨ ਸੀ ਉਹ।
ਬੰਦਾ ਦੇਹ ਤੋਂ ਰੱਬ ਦਾ ਜਾਪਦਾ ਸੀ,
ਐਪਰ ਆਤਮਾ ਵਲੋਂ ਭਗਵਾਨ ਸੀ ਉਹ।
ਉਦ੍ਹੇ ਅੰਦਰੋਂ ਬੋਲਦਾ ਰੱਬ ਹੈ ਸੀ,
ਜਦੋਂ ਮਸਤ ਹੋ ਕੇ ਬਾਣੀ ਬੋਲਦਾ ਸੀ।
ਮਾਲਕ ਉਹ ਰੱਬੀ ਮੋਦੀ-ਖ਼ਾਨਿਆਂ ਦਾ,
ਮੇਰਾ ਨਹੀਂ, 'ਤੇਰਾ ਤੇਰਾ' ਤੋਲਦਾ ਸੀ।੩।
ਉਸ ਦੇ ਦਿਲ ਅੰਦਰ ਦਿਲ ਦੁਖੀ ਦਾ ਸੀ,
ਉਸਦੀ ਜਾਨ ਅੰਦਰ ਜਾਨ ਜੱਗ ਦੀ ਸੀ।
ਦੁਖ ਕਿਸੇ ਨਿਮਾਣੇ ਤੇ ਟੁੱਟਦੇ ਸੀ,
ਸੱਟ ਨਾਨਕ ਦੇ ਸੀਨੇ ਤੇ ਲੱਗਦੀ ਸੀ।
ਕਾਤੀ ਕਿਸੇ ਨਿਮਾਣੇ ਤੇ ਚੱਲਦੀ ਸੀ,
ਰੱਤ ਨਾਨਕ ਦੇ ਸੀਨਿਓਂ ਵੱਗਦੀ ਸੀ।
ਇਧਰ ਕੈਦ ਬੇਦੋਸ਼ ਨੂੰ ਬੋਲਦੀ ਸੀ,
ਉਧਰ ਨਾਨਕ ਨੂੰ ਹੱਥ-ਕੜੀ ਲੱਗਦੀ ਸੀ।
ਕੁੱਲ ਫੁੱਲਾਂ ਦੀਆਂ ਪੱਤੀਆਂ ਬਣਨ ਜੀਭਾਂ,
ਤਾਂ ਵੀ ਉਦ੍ਹੇ ਉਪਕਾਰ ਨਹੀਂ ਗਿਣੇ ਜਾਂਦੇ।
'ਤੀਰ' ਕਲਮ ਦੇ ਨਿਕੇ ਜਿਹੇ ਗੱਜ ਕੋਲੋਂ,
ਉਦ੍ਹੇ ਯੱਸ ਦੇ ਥਾਨ ਨਹੀਂ ਮਿਣੇ ਜਾਂਦੇ।੪।

www.AKJ.Org

# ਰੰਗ ਕਰਤਾਰ ਦੇ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਨੋਟ—ਭਾਈ ਸਾਹਿਬ ਜੀ ਦੀ ਇਹ ਕਵਿਤਾ ਕਰਤਾਰ ਦੇ ਪਰਮਾਰਥੀ ਉਚ ਰੰਗਾਂ ਦੇ ਵਰਨਣ ਵਾਲੀ ਹੈ, ਜਿਸ ਵਿਚ ਨਾਮ ਰਸ ਤੇ ਦਰਸ਼ਨ ਦੇ ਨਜ਼ਾਰੇ ਨਾਲ ਗੁਰੂ ਸਾਹਿਬ ਦਾ ਉਦੇਸ਼, ਸਿਖ ਦਾ ਫ਼ਰਜ਼ ਤੇ ਸਤਿਗੁਰੂ ਦੇ ਸਰੂਪ ਆਦਿ ਗੱਲਾਂ ਨੂੰ ਭੀ ਬੜੇ ਅਚਰਜ ਤਰੀਕੇ ਨਾਲ ਪ੍ਰਗਟ ਕੀਤਾ ਗਿਆ ਹੈ। ਪਾਠਕਾਂ ਦੇ ਸੌਖ ਲਈ ਕਬਿੱਤਾਂ ਦੇ ਨੰਬਰ ਅਨੁਸਾਰ ਭਾਵ ਦਸਣ ਲਈ ਹੇਠ ਲਿਖੇ ਅਖਰ ਲਿਖ ਦਿਤੇ ਗਏ ਹਨ :—

ਪਹਿਲੇ ਤਿੰਨ ਕਬਿੱਤ ਭੂਮਿਕਾ ਵਜੋਂ ਹਨ। ਪਹਿਲੇ ਬੰਦ ਵਿਚ ਦਸਿਆ ਹੈ ਕਿ ਜਿਸ ਵੇਲੇ ਕਵਿਤਾ ਲਿਖਣ ਲਗੇ ਹਾਂ, ਅਸੂ ਕਤਕ ਦੀ ਬੜੀ ਟਿਕਵੀਂ ਰਸਦਾਇਕ ਪਉਣ ਚਲ ਰਹੀ ਸੀ। ਇਹ ਕਵਿਤਾ ਭਾਈ ਸਾਹਿਬ ਨੇ ਗੁਰਪੁਰਬ ਕਤਕ ਪੂਰਨਮਾਸ਼ੀ ਤੋਂ ਪੰਜ ਚਾਰ ਦਿਨ ਪਹਿਲਾਂ "ਰੰਗ ਕਰਤਾਰ ਦੇ" ਸਮੱਸਿਆ ਦੇਣ ਪਰ, ਰਾਤ ਨੂੰ ਕੋਠੇ ਪਰ ਬੈਠ, ਚੰਦ ਦੀ ਚਾਨਣੀ ਵਿਚ ਹੀ, ਬਿਰਤੀ ਦੇ ਅਨੰਦ-ਮਗਨ ਹੋਣ ਪਰ ਲਿਖੀ ਸੀ, ਇਸੇ ਲਈ ਪਹਿਲੇ ਦੋਹਾਂ ਬੰਦਾਂ ਵਿਚ ਪਉਣ ਦਾ ਉਸ ਵੇਲੇ ਦੇ ਅਨੰਦ ਦਾ ਨਜ਼ਾਰਾ ਦਸ ਕੇ ਲਿਖਿਆ ਹੈ ਕਿ ਗੁਰੂ-ਜਸ ਗਾਉਣ ਲਈ ਕਵਿਤਾ ਅਨੁਭਵ ਤੋਂ ਫੁਰਨ ਲੱਗ ਪਈ।

੪, ੫, ੬, ੭ ਨੰਬਰ ਕਬਿੱਤਾਂ ਵਿਚ ਨਾਮ ਰੰਗ, ਜੋਤਿ ਸਰੂਪ ਦੇ ਜਲਵੇ ਤੇ ਸਤਿਗੁਰੂ ਨਾਨਕ ਦੀ ਕਿਰਪਾ ਦਾ ਵਰਨਣ ਹੈ।

ਅਠਵੇਂ ਨੌਵੇਂ ਬੰਦ ਵਿਚ ਦਸਿਆ ਹੈ ਕਿ ਜਿਸ ਅਕਾਲ ਪੁਰਖ ਨੂੰ ਵਡੇ ਵਡੇ ਅਵਤਾਰ ਲਖ ਨਾ ਸਕੇ ਤੇ ਜੋਗੀ ਭੀ ਲਭ ਲਭ ਥਕੇ, ਉਸ ਅਕਾਲ ਪੁਰਖ ਨੂੰ ਸਤਿਗੁਰੂ ਨਾਨਕ ਨੇ ਪਰਤੱਖ ਦਿਖਾ ਦਿਤਾ ਤੇ ਉਸ ਅਜਰ ਨੂੰ ਜਰਨ ਦੀ ਤਾਕਤ ਭੀ ਸਿਖਾਂ ਨੂੰ ਬਖ਼ਸ਼ੀ। ਫੇਰ ਦਸਵੇਂ ਬੰਦ ਵਿਚ "ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਕਾਰੀ ਆਇ" ਤੇ "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ" ਦੇ ਗੁਰਵਾਕਾਂ ਦਾ ਅਨੁਵਾਦ ਕਵਿਤਾ ਵਿਚ ਕੀਤਾ ਹੈ। ੧੧ਵੇਂ ਵਿਚ ਮੌਜੂਦਾ ਸਮੇਂ ਦਾ ਧਰਮ ਦਸਿਆ ਹੈ। ੧੨-੧੩ਵੇਂ ਬੰਦ ਦਾ ਭਾਵ ਇਹ ਹੈ ਕਿ ਸਤਿਗੁਰੂ ਦੀ ਬਾਣੀ ਨੂੰ ਮੰਨ ਕੇ ਅਮਲ ਕਰੇ, ਫੇਰ ਦੇਖੋ ਕਰਤਾਰ ਦੇ ਰੰਗ ਕਿਸ ਤਰ੍ਹਾਂ ਲਗਦੇ ਹਨ। ੧੪ ਨੰਬਰ ਕਬਿੱਤ ਵਿਚ ਸਿਖ ਦੇ ਫ਼ਰਜ਼ ਦਾ ਨਿਰਣਾ ਕੀਤਾ ਹੈ।੧੫-੧੬ਵੇਂ ਕਬਿੱਤ ਵਿਚ ਗੁਰਮੁਖਾਂ ਦੀ ਕਰਣੀ ਦਸੀ ਹੈ। ਕਬਿੱਤ ਨੰਬਰ ੧੭-੧੮ ਵਿਚ ਸਤਿਗੁਰੂ ਦੇ ਉਪਕਾਰ ਦਾ ਵਰਨਣ ਹੈ। ੧੯ਵੇਂ ਕਬਿੱਤ ਵਿੱਚ ਸਦਾ ਜੋਤਿ ਦੇ ਰੰਗ ਲਗੇ ਰਹਿਣ ਦੀ ਜਾਚਨਾ ਹੈ। ੨੦ਵੇਂ ਤੇ ੨੧ਵੇਂ ਵਿਚ ਸਾਖਸ਼ਾਤ ਦਰਸ਼ਨ ਹੋਣ ਤੇ ਉਸ ਸਮੇਂ ਜੋ ਰੰਗ ਬੱਝਾ, ਉਸ ਦਾ ਨਜ਼ਾਰਾ ਦਸਿਆ ਹੈ। ੨੩ਵੇਂ ੨੪ਵੇਂ ਕਬਿੱਤ ਵਿਚ ਸ਼ੁਕਰੀਆ, ਖ਼ੁਸ਼ੀ, ਵਧਾਈ ਤੇ ਸਤਿਗੁਰੂ ਦੀਆਂ ਸਿਫ਼ਤਾਂ ਦਰਜ ਹਨ।

੨੪ਵੇਂ ਕਬਿੱਤ ਦੀ ਅਖ਼ੀਰਲੀ ਸਤਰ "ਸਾਹਿਬ ਸਿਫ਼ਾਤ ਮੁਅਜਜ਼ੂਮ ਮੁਅਜਜ਼ਾਤ ਮਕਰੂਮ ਕਰਾਮਾਤ ਨੂਰ ਹੱਕ ਅਨਵਾਰ ਦੇ" ਫ਼ਾਰਸੀ ਦੀ ਹੀ ਬਣ ਗਈ ਹੈ। ਇਸ ਦੇ ਅਰਥ ਹਨ ਕਿ ਗੁਰੂ ਨਾਨਕ ਸਾਹਿਬ ਸਿਫ਼ਤਾਂ ਦੇ ਸਾਹਿਬ, ਕਰਾਮਾਤਾਂ ਤੇ ਮੁਅਜਜ਼ਿਆਂ ਦੇ ਭੰਡਾਰ ਤੇ ਸਾਰੇ ਨੂਰਾਂ ਵਿਚੋਂ ਸੱਚਾ ਨੂਰ ਹਨ।

—ਗਿਆਨੀ ਨਾਹਰ ਸਿੰਘ



www.AKJ.Org

ਸਰਦ[1] ਸਿਸਰ ਆਈ ਰੁੱਤ ਸੁਖਦਾਈ ਮਾਹਿ, ਅਸੁਨ ਕੱਤਕ ਵਗੀ ਪਉਣ ਮਲਗਾਰਨੀ[2]।
ਗੰਧ ਮਲਿਆਗਰੀ ਪਵਨ ਰਤਨਾਗਰੀ, ਅਰਸ਼ ਸੁਖਸਾਗਰੀ ਮਹਿਕ ਮਹਿਕਾਰਨੀ।
ਸੁਗੰਧ ਵਿਸਥਾਰਨੀ ਸੁਛੰਦ ਸੁੰਧਸਾਰਨੀ[3], ਅਨੰਦ ਉਮਗਾਰਨੀ ਚਲੀ ਸੁ-ਮੰਦ ਬਾਰਨੀ[4]।
ਮੰਦ ਮੰਦ ਸੀਤਲ ਸੁਗੰਧਨੀ ਪਵਨ ਚਲੀ, [5]ਪ੍ਰੇਮ ਪੁਲਕਾਰਨੀ ਸੁ-ਹੀਆ ਹੁਲਸਾਰਨੀ[6]।੧।

ਪ੍ਰੇਮ ਪੁਲਕਤ ਹੁਲਸਤ ਹੀਆ ਹੁੰਮਿ ਹੁੰਮਿ, ਝੂੰਮਿ ਝੂੰਮਿ ਝੁਲਣ ਝਕੋਲੇ ਪਵਨਾਰ ਦੇ।
ਰੁੰਮਿ ਰੁੰਮਿ ਰੁਮਕਣਿ ਅੰਗ ਅੰਗ ਅੰਙਣੇ[7] ਦੇ, ਰੋਮਿ ਰੋਮਿ ਉਮਕਣਿ[8] ਤਰੰਗ ਕਬਿਤਾਰ[9] ਦੇ।
ਅਨਭਵੋਂ ਉਤਰੰਨਿ ਅਨਦ ਉਲ੍ਹਾਸ ਛੰਦ, ਠੱਲ੍ਹਦੇ ਨ ਵੇਗ ਅਨਭਵੀ ਵਿਗਸਾਰ[10] ਦੇ।
ਵਿਗਸਿ ਵਿਗਸਿ ਕਾਵਿ ਚੰਦਨੀ ਕਪਾਟ ਖੁਲ੍ਹੇ, ਸੋਹਿਲੇ ਗਾਵਨ ਹਿਤ ਗੁਰੂ ਅਵਤਾਰ ਦੇ।੨।

ਗੁਰੂ ਅਵਤਾਰ ਆਗਮਨ ਦੇ ਦਿਵਸ ਆਏ, ਅਚਰਜ ਰੰਗ ਬਣੇ ਰੁੱਤਿ ਦੀ ਬਹਾਰ ਦੇ।
ਰੁਤਿ ਦੀ ਬਹਾਰ ਸੰਗਿ ਅਚਰਜ ਰੰਗ ਬਣੇ, ਆਤਮ ਉਲਾਸ ਤਰੰਗ ਮਉਜ ਮਲਵਾਰ[11] ਦੇ।
ਮਉਲਿ ਮਉਲਿ ਆਤਮ-ਉਮਾਹ ਕਾਂਗ ਸਾਂਗ ਉਠੀ, ਔਖੇ ਹੋਏ ਝੱਲਣੇ ਝਲਾਰ ਉਮਗਾਰ ਦੇ।
ਉਮਗਿ ਉਮਗਿ ਰਸ-ਝਰਨੇ ਝਰਨ ਲਗੇ, ਜਰਨੇ ਕਠਨ ਝਨਕਾਰ ਝਲਕਾਰ ਦੇ।੩।

ਜੋਤਿ ਝਲਕਾਰ ਝਰਨਾਰ ਰਸ ਤਾਰ ਬੱਝੀ, ਚੰਭ ਚਮਕਾਰ ਗੁਰੂ ਨਾਨਕ ਦਿਦਾਰ ਦੇ।
ਚੁੰਭਕ ਚਮਤਕਾਰ ਦਿਬ ਦਰਸਾਰਿਆਂ ਦੇ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।
ਜੋਤਿ ਰੰਗਿ ਰੱਤਾ ਮੇਰਾ ਚੋਲੜਾ ਚਲੂਲ ਭਇਆ, ਵੁਠੜੇ ਬਿਸਮ ਰੰਗ ਢੋਲੜੇ ਭਤਾਰ ਦੇ।
ਢੋਲੜੇ ਭਤਾਰ ਸਤਿਗੁਰੂ ਕਰਤਾਰ, ਗੂੜ੍ਹ, ਗੱਚ ਰੱਚ ਚੋਲੜੇ ਮਜੀਠੜੀ ਰੰਗਾਰ ਦੇ।੪।

ਲਾਲ ਰੰਗ ਲਗੜਾ ਚੁਲੰਭ[12] ਪਾਰਸੰਗੜਾ[13], ਚੁਲੰਭੜਨ ਚੋਜ ਨਾਮ ਪਾਰਸ ਅਪਾਰ ਦੇ।
ਪਾਰਸ ਅਪਾਰ ਨਾਮ ਪਾਰਸ ਅਕਲ ਕਲਾ, ਦਾਤਿ-ਜੋਤਿ-ਗੱਫੇ ਗੁਰੂ ਨਾਨਕ ਦਾਤਾਰ ਦੇ।
ਧੁਰਿ ਦਰਗਾਹ ਕਰਤਾਰ ਦੇ ਅਗੰਮ ਗੱਫੇ, ਆਣਿ ਵਰਤਾਏ ਗੁਰੂ ਵਿਚਿ ਸੰਸਾਰ ਦੇ।
ਪਾਰਸ ਪਰਸਿ ਮੇਰੀ ਦੇਹੁਰੀ ਕੰਚਨ ਭਈ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੫।

ਰੰਗ ਕਰਤਾਰ ਦੇਖਿ ਦੇਖ ਕੇ ਮੈਂ ਦੰਗ ਭਈ, ਨਦਰ ਕਰੰਮੀ ਕ੍ਰਿਸ਼ਮੇ ਨੇ ਨਿਰੰਕਾਰ ਦੇ।
ਨਾਮ ਰੰਗ ਲਾਇ ਮੇਰੇ ਅੰਦਰੇ ਹੀ ਆਇ ਵੁੱਠੇ, [14]ਦਗਨ ਦਗਾਏ ਰੂਪ ਬਿਮਲ ਜੋਤਾਰ ਦੇ।
ਜੋਤਿ ਦੀਪ ਘਟਿ ਉਜਿਆਰ ਛਬਿ ਲਟਿ ਲਟਿ, ਜਗਨ ਜਗਾਏ ਦੀਵੇ ਨੂਰ ਦਰਸਾਰ ਦੇ।
[15]ਖ਼ਾਕ ਨੂਰੋ ਕਰਦਮ ਪਾਕ ਪਰਬੀਨ ਗੁਰਿ, ਦੇਖਿ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੬।

---

੧. ਠੰਡੀ। ੨. ਚੰਦਨ ਦੀ ਸੁਗੰਧੀ ਵਾਲੀ। ੩. ਸੁੰਦਰ ਛੰਦਾਂ ਰੂਪ ਕਵਿਤਾ ਦੀ ਸੋਝੀ ਦੇਣ ਵਾਲੀ। ੪. ਪੌਣ। ੫. ਪ੍ਰੇਮ ਭਰੀ ਖੁਸ਼ੀ ਦੇਣ ਵਾਲੀ। ੬. ਉਮਾਹ ਦੇਣਹਾਰੀ। ੭ ਹਿਰਦੇ ਰੂਪੀ ਵਿਹੜੇ ਦੇ। ੮. ਉਮਾਹ ਉਠਣ। ੯. ਕਵਿਤਾ ਦੇ। ੧੦. ਖੇੜੇ ਦੇ। ੧੧. ਮਉਲੀ ਹੋਈ। ੧੨. ਗੂੜ੍ਹਾ ਲਾਲ ਰੰਗ। ੧੩. ਪਾਰਸ ਦੀ ਕਲਾ ਵਾਲਾ। ੧੪. ਨਿਰਮਲ ਜੋਤੀ ਦੇ ਦਰਸ਼ਨ ਦਗ ਦਗ ਕਰ ਉਠੇ। ੧੫. ਪਾਵਨ ਤੇ ਸੁਜਾਨ ਸਤਿਗੁਰੂ ਨੇ ਮੈਨੂੰ ਮਿਟੀ ਨੂੰ ਨੂਰੋ ਨੂਰ ਕਰ ਦਿਤਾ।



www.AKJ.Org

ਤਾਰ ਦਿਤੇ ਬਾਬੇ ਚਾਰ ਚਕ ਨਵ ਖੰਡ ਦੀਪ, ਭਵਜਲੋਂ ਪਾਰ ਕੀਤੇ ਬੇੜੇ ਭਗਤਾਰ[1] ਦੇ।
ਭਗਤਿ ਭਜਨ ਕੀਰਤਨ ਰਸ ਰੰਗ ਰਤੇ, ਭਗਤ ਰਸਾਲੇ[2] ਭੌਰੇ ਗੁਰ ਚਰਨਾਰ ਦੇ।
[3]ਚਰਨ ਅਰਬਿੰਦ [4]ਮਕਰੰਦੀਏ ਭਵਰ ਤਾਰੇ, ਰਸ ਮਗਨੰਦ ਲਿਵ ਅੰਮ੍ਰਿਤ ਧਾਰ ਦੇ।
ਨਾਮ ਲਿਵ ਲਾਇ ਮਗਨਾਇ ਬਿਮਲ ਕੀਏ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੭।

ਅਲਖ ਨਿਰੰਜਨ ਅਕਾਲ ਜਾਇ ਲਖਿਆ ਨਾ, [5]ਕੋਟਿ ਅਵਤਾਰ ਈਸ ਪਚਿ ਪਚਿ ਹਾਰਦੇ।
ਬਿਸ਼ਨ ਅਵਤਾਰ ਲਖ ਬ੍ਰਹਮੇ ਮਹੇਸ਼ ਲਖ, [6]ਲਖਨ ਨਮਿਤ ਲਖ ਜਤਨ ਚਿਤਾਰਦੇ।
ਕੋਟਿ ਜੋਗੀ ਜਤੀ ਤਪੀ ਲਖ ਨ ਸਕਾਹਿ ਗਤਿ, ਕੋਟਿ ਜੋਗਿ ਜਪ ਤਪ ਜੁਗਤਿ ਵਿਚਾਰਦੇ।
ਸੋ ਅਲੱਖ ਰੂਪ ਗੁਰਿ ਨਾਨਕ ਲਖਾਇ ਦੀਨਾ, ਘਟ ਹੀ ਮਝਾਰ ਦੇਖ ਰੰਗ ਕਰਤਾਰ ਦੇ।੮।

ਅਲਖ ਲਖਾਇ ਫੁਨਿ ਅਜਰ ਜਰਾਇ, ਸਾਖਸ਼ਾਤ ਦਰਸਾਏ ਰੂਪ ਸਿਰਜਨਹਾਰ ਦੇ।
ਸੈਭੰ[7] ਅਨੂਪ ਰੂਪ ਅਦੁਤ[8] ਅਰੂਪ ਰੂਪ, ਸੁੰਦਰ ਸਰੂਪ ਦਿੱਬ ਤੱਤ ਸੰਸਾਰ ਦੇ।
ਦਿੱਬ ਜੋਤਿ ਜਾਗਤ ਲਤੀਫ਼ ਤੱਤ ਅੰਸ ਰੂਪ, ਸਾਂਗੋ ਪਾਂਗ ਦਰਸ਼ਨ ਸਾਖਸ਼ਾਤ-ਕਾਰ ਦੇ।
ਪੁਰਖ ਅਕਾਲ ਪਰਤੱਖ ਪ੍ਰਗਟਾਇ ਗੁਰਿ, ਨਾਨਕਿ ਦਿਖਾਇ ਰਿਦ ਰੰਗ ਕਰਤਾਰ ਦੇ।੯।

ਜਨਮ ਮਰਨ ਦੋਹੂਅਨ ਮਾਹਿ ਨਾਹਿ ਜਨ, [9]ਅਵਤਰਿ ਆਇ ਹਿਤ ਪਰ-ਉਪਕਾਰ ਦੇ।
ਜੀਅ ਦਾਨ ਦੇਇ ਭਾਇ ਭਗਤਿ ਦ੍ਰਿੜ੍ਹਾਇ ਦੇਣ, ਓੜਕ ਮਿਲਾਇ ਲੈਣ ਸੰਗਿ ਕਰਤਾਰ ਦੇ।
ਮਨੁੱਖ ਤੇ ਦੇਵਤੇ ਬਣਾਇ ਦੇਣ ਖਿਨ ਮਾਹਿ, ਜਿਨ ਪਰ ਗੁਰੂ ਜਨ [10]ਨਦਰ ਨਿਹਾਰਦੇ।
ਹਾਰਦੇ ਨ ਮਾਨੁੱਖ ਜਨਮ ਜਿਣ ਜਾਣਿ ਜਗਿ, ਦੇਖ ਲੌ ਪ੍ਰਤੱਖ ਰੰਗ ਗੁਰੂ ਕਰਤਾਰ ਦੇ।੧੦

ਨਾਮੁ ਨਿਰਬਾਣੁ[11] ਕਲਿਆਣਕਾਰੀ ਕਲੀ ਮਾਂਹਿ, ਸਤੁ, ਜਗੁ, ਪੂਜਾ, ਧਰਮ ਹੋਰਤ ਜੁਗਾਰ[12] ਦੇ।
ਕਲਜੁਗਿ ਕੇਵਲ ਪ੍ਰਧਾਨ ਕੀਰਤਨ ਨਾਮੁ, ਹੋਰਤ ਉਪਾਓ ਕੂੜ ਜੀਵਨ ਉਧਾਰ ਦੇ।
ਸੱਚੋ ਸੱਚ ਹੋਇ ਚੌਹਾਂ ਜੁਗਾਂ ਦਾ ਨਿਬੇੜਾ ਹੁਣ, ਵਾਕ ਪਰਪਾਕ[13] ਸੱਚੇ ਗੁਰ ਬਚਨਾਰ ਦੇ।
ਅਚਰਜ ਸਾਂਗ ਵਰਤਣਿ ਵਿਚਿ ਕਲਿਜੁਗ, ਦੇਖੀ ਚਲ ਜੀਅੜੇ ਤੂੰ ਰੰਗ ਕਰਤਾਰ ਦੇ।੧੧।

'ਸਤਿਗੁਰ ਬਾਣੀ' ਸਤਿ ਸਤਿ ਕਰਿ ਮਾਨਹੁ ਸਿੱਖਹੁ, ਬਚਨ ਇਹ ਖ਼ਾਸ ਸਿਰੀ ਗੋਬਿੰਦ ਮੁਖਾਰ ਦੇ।
ਸਰਧਾ ਸਿਦਕ ਗੁਰਬਾਣੀ ਤੇ ਯਕੀਨ ਲਿਆਓ, ਬੇੜੇ ਪਾਰ ਸਰਧਾ ਸਿਦਕਵੰਤਾਰ[14] ਦੇ।
ਸਤਿਗੁਰ ਬਚਨ ਹੁਕਮ ਹਰਿ ਕਰਤੇ ਦੇ, ਹੁਕਮ ਹਜ਼ੂਰੀ ਸੱਚੇ ਧੁਰ ਦਰਬਾਰ ਦੇ।
ਹੁਕਮ, ਰਜਾਈ ਚਲਿ ਸਫਲ ਜਨਮ ਕਰਹੁ, ਫੇਰ ਦੇਖਹੁ ਲਗਣ ਕੀ ਰੰਗ ਕਰਤਾਰ ਦੇ।੧੨।

---

੧. ਭਗਤਾਂ ਦੇ। ੨. ਰਸ-ਲੀਨ ਹੋਏ। ੩. ਚਰਨ ਕਮਲ। ੪. ਫੁੱਲਾਂ ਦੀ ਸੁਗੰਧੀ ਤੇ ਲੱਟੂ ਹੋਏ ਭੌਰੇ। ੫. ਕਰੋੜਾਂ ਵਡੇ ਵਡੇ ਅਵਤਾਰ। ੬. ਲਖਣ ਲਈ, ਭੇਦ ਪਾਉਣ ਲਈ। ੭. ਆਪਣੇ ਆਪ ਤੋਂ ਪਰਗਟ ਹੋਣ ਵਾਲਾ ਪ੍ਰਭੂ। ੮. ਅਦੁਤੀ, ਲਾਸਾਨੀ। ੯. ਅਵਤਾਰ ਲਿਆ। ੧੦. ਕਿਰਪਾ ਦ੍ਰਿਸ਼ਟੀ ਕਰਦੇ। ੧੧. ਮੁਕਤੀ ਦੇਣ ਵਾਲਾ। ੧੨, ਜੁਗਾਂ ਦੇ। ੧੩. ਪੱਕੇ। ੧੪. ਸਿਦਕ ਵਾਲਿਆਂ ਦੇ।



www.AKJ.Org

ਹੁਕਮ ਰਜਾਈ ਚੱਲੇ ਜੇਹੜਾ ਨ ਸਿਖ ਤਿਸ, ਹੁਕਮ ਉਲੰਘੇ ਸਭਿ ਸਿਖੀ ਅਧਿਕਾਰ ਦੇ।
ਸਿਖ ਸਦਵਾਉਣ ਦੇ ਗੁਆਏ ਅਧਿਕਾਰ ਤਿਸ, ਹੁਕਮ ਨ ਮੰਨੇ ਜਿਨਿ ਸੱਚੀ ਸਰਕਾਰ ਦੇ।
ਸਿਫ਼ਤ ਸਾਲਾਹ ਸਿਰ ਹੁਕਮਾਂ ਹੁਕਮ ਸੱਚਾ, ਬਾਰ ਬਾਰ ਸਿਰੀ ਗੁਰੂ ਗ੍ਰੰਥ ਜੀ ਪੁਕਾਰਦੇ।
ਪਾਤਸ਼ਾਹੀ ਪਾਤਸ਼ਾਹ ਸਿਫ਼ਤ ਸਾਲਾਹੀ ਜਨ, ਤਿਸ ਤੇ ਚੜ੍ਹੰਨ ਘੂਗਿ[1] ਰੰਗ ਕਰਤਾਰ ਦੇ।੧੩।

[2]ਆਤਮ ਸੁਰੰਗ ਰੰਗਿ ਸਹਿਜ ਰੰਗੀਜੇ ਹੋਏ, ਜੋਇ ਅਨੁਸਾਰੀ [3]ਖੰਡੇਧਾਰੀ ਸੱਚੀ ਕਾਰ ਦੇ।
ਹੁਕਮ ਰਜਾਇ ਅਨੁਸਾਰਤਾ ਬਿਹੂਣ ਦਾਅਵੇ, ਖ਼ਾਰਜ ਸਮੂਹ ਹੋਏ ਸਿਖੀ ਦਾਅਵੇਦਾਰ ਦੇ।
ਨਾਮ ਤੋਂ ਬਿਮੁਖ ਜੋਇ ਸਿਖੀ ਤੋਂ ਦੁਰਾਡੇ ਸੋਇ, ਅਗੇ ਜਾਇ ਠੇਡੇ ਖਾਣ [4]ਜਮ-ਜੰਦਾਰ ਦੇ।
ਸੁਆਸਿ ਸੁਆਸਿ ਨਾਮ ਅਭਿਆਸ ਰਸ ਮਾਣੇ ਜਿਨਿ, ਮਾਣੇ ਤਿਨਿ [5]ਵਾਸਤਵੀ ਰੰਗ ਕਰਤਾਰ ਦੇ।੧੪।

ਨਾਮ ਦੀ ਕਮਾਈ ਕਰਿ ਗਏ [6]ਪੰਨੇ ਪਏ ਸੋਈ, ਸੋਈ ਭਏ ਭਾਗੀ ਗੁਰ ਨਾਨਕ ਭੰਡਾਰ ਦੇ।
ਭਏ ਨਿਰੰਕਾਰੀ ਸੰਸਾਰੀਓਂ ਸਚੇ ਭੰਡਾਰੀ, ਖੁਲ੍ਹੜੇ ਖ਼ਜ਼ਾਨੇ [7]ਨਿਧਿ ਨਾਮ [8]ਸਿਧਿ ਸਾਰ ਦੇ।
ਰਲਿ ਮਿਲ ਖਾਇ ਖਰਚਾਇ ਨਾਹਿ ਤੋਟ ਆਇ, ਵਧਦੇ ਸਵਾਇ [9]ਤੋਸ਼ੇ [10]ਦਿੱਤ ਖਸਮਾਰ ਦੇ।
ਲੰਗਰ ਚਲਾਇ ਗੁਰ ਸਬਦ ਕਮਾਈਆਂ ਦੇ, ਈਹਾਂ ਊਹਾਂ ਮਾਣੇ ਤਿਨਿ ਰੰਗ ਕਰਤਾਰ ਦੇ।੧੫।

ਰੰਗ ਪ੍ਰਮਾਰਥਾਂ ਦੇ ਸੱਚੇ ਸੁਭ ਸੁਆਰਥਾਂ ਦੇ, ਮਾਣਿ ਪਰਧਾਨ ਭਏ [11]ਸਾਰ [12]ਪਾਕਸਾਰ ਦੇ।
[12]ਪਾਕਸਾਲ ਅਮਰ ਪਦਾਰਥੀ ਪੁਨੀਤ ਘਾਲ, ਵਿਰਸੇ ਵਸੂਕ ਨਰ ਨਾਰ [13]ਬਸ਼ਰਾਰ ਦੇ।
ਸਾਂਝੀਵਾਲ ਸਭੇ ਹੀ ਨਿਰੰਜਨੀ ਰਸਾਇਣਾਂ ਦੇ, ਗੁਰਮੁਖ ਕਿਸੇ ਤਾਈਂ ਨਾਹਿ ਦੁਰਕਾਰਦੇ।
ਪੁਗੜੇ ਪੁਰਖਿ ਧੁਰਿ ਮੰਜ਼ਲੀ ਰਸਾਈਆਂ ਦੇ, ਲਖਨ ਪੇਖਨ ਸਾਰੇ ਰੰਗ ਕਰਤਾਰ ਦੇ।੧੬।

ਧੰਨ ਗੁਰਦੇਵ ਗੁਰ ਨਾਨਕ ਗੋਬਿੰਦ ਰੂਪ, ਸਦਕੇ ਹਜ਼ਾਰ ਬਾਰ ਤੇਰੇ ਉਪਕਾਰ ਦੇ।
ਚਾਰ ਕੁੰਟ ਚੌਦ੍ਹਾਂ ਹੂੰ ਭਵਨ ਮਹਿ ਰਟਨ ਕਰਿ, ਭਰਿ ਭਰਿ ਪਿਆਏ ਅਮੀ ਪਿਆਲੜੇ ਪਿਆਰ ਦੇ।
ਸੱਚੜਾ ਪਿਆਰ ਗੁਰ ਨਾਨਕ ਦਇਆਰ ਤੇਰਾ, ਲੱਦੜੇ ਸਗਲ ਨਰ ਤੇਰੇ ਸਤਿਕਾਰ ਦੇ।
ਹਰਮਨ-ਪਿਆਰਾ ਗੁਰ ਨਾਨਕ ਨਿਰੰਕਾਰ, ਤੈਂਹੀ [14]ਆਸ਼ਕਾਰ ਕੀਤੇ ਰੰਗ ਕਰਤਾਰ ਦੇ।੧੭।

[15]ਬਨੀ ਇਨਸਾਨ ਤੇ ਅਸੰਖ ਅਹਿਸਾਨ ਤੇਰੇ, ਲੱਖ ਲੱਖ ਬਾਰ ਤਨ ਮਨ ਸਭ ਵਾਰਦੇ।
ਉੱਤਰੇ ਨਾ ਭਾਰ ਤਾਂ ਭੀ ਤੇਰੇ ਉਪਕਾਰ ਕੇਰਾ, ਸਦਾ ਸਦਾ ਰਿਣੀ ਅਸੀਂ ਤੇਰੜੀ [16]ਨਸਾਰ ਦੇ।
ਸਾਰਦੇ ਨ ਕੁਛ ਜੇ [17]ਨਸਾਰਦੇ ਸਰਬੰਸ ਅਗੇ, ਤੇਰੜੀ ਨਸਾਰ ਦਾਈਏ ਤੁੱਛ ਸਗਲਾਰ ਦੇ।
ਪੁਰਬ ਦਿਹਾਰ ਯਾਦਗਾਰੀ ਤੁਛ ਭੇਟਾ ਵਜਹੁ, ਅੱਜ ਚੰਦ ਛੰਦ ਤੇਰੀ ਨਜ਼ਰ ਗੁਜ਼ਾਰਦੇ।੧੮।

---

੧. ਗੂੜ੍ਹੇ। ੨. ਆਤਮਾ ਦੇ ਸਹਿਜ ਦੇ ਰੰਗ ਵਿਚ ਰੰਗੇ ਹੋਏ। ੩. ਸਿਖੀ ਮਾਰਗ ਦੀ ਸੱਚੀ ਅਤੇ ਖੰਡੇਧਾਰ ਕਾਰ ਦੇ। ੪. ਅਵੈੜੇ ਜਮ ਦੇ। ੫. ਸਹੀ ਅਰਥਾਂ ਵਿਚ, ਅਸਲ ਰੂਪ ਵਿਚ। ੬. ਪਰਵਾਨ ਪਏ। ੭. ਨਾਮ ਦੇ ਖਜ਼ਾਨੇ। ੮. ਸ੍ਰੇਸ਼ਟ ਸਿਧੀਂ ਦੇ। ੯. ਪਰਲੋਕ ਵਿਚ ਭੁੰਚਣ ਦੀ ਖ਼ੁਰਾਕ। ੧੦. ਦਾਤ। ੧੧. ਸ੍ਰੇਸ਼ਟ। ੧੨. ਨਾਮ-ਭੋਜਨ। ੧੩. ਸਾਰੇ ਮਨੁਖਾਂ ਦੇ। ੧੪. ਪ੍ਰਗਟ ਕੀਤੇ। ੧੫. ਮਨੁਖ ਸ਼੍ਰੇਣੀ। ੧੬. ਕੁਰਬਾਨੀ। ੧੭. ਵਾਰ ਦੇਈਏ।



www.AKJ.Org

ਨਜ਼ਰ ਗੁਜ਼ਾਰਿ ਅਸੀਂ ਤਕਦੇ ਤੁਹਾਰੀ ਓਰ, ਭੀਖਕ ਭਿਖਾਰੀ ਹੋਇ ਤੇਰੜੇ ਦੁਆਰ ਦੇ।
ਦੁਆਰੜੇ ਖਲੋਇ ਕਰਿ ਬੰਦਨ ਨਮਸਕਾਰ, ਆਜਜ਼ੀ ਸਹਿਤ ਇਕ ਅਰਜ਼ ਗੁਜ਼ਾਰਦੇ।
ਦ੍ਰਿਸ਼ਟ ਅਗੋਚਰਾ ਨ ਹੋਇ ਦਿੱਬ ਰੂਪ ਤੇਰਾ, ਰੋਸ਼ਨ ਰਹਿਣ ਦੀਪ ਜੋਤਿ ਗੁਲਜ਼ਾਰ ਦੇ।
ਰੋਸ਼ਨ ਚਰਾਗ ਨੂਰ ਤੇਜਸੀ ਅਮਰ ਬਾਗ, ਹਿਰਦੇ ਜਗਨ ਜੋਤਿ ਰੰਗ ਕਰਤਾਰ ਦੇ।੧੯।

ਅੰਮ੍ਰਿਤ ਵੇਲੇ ਅੱਜ ਟੂੰਬ ਕੇ ਜਗਾਇਆ ਮੋਹਿ, ਚੁੰਮਣ ਚੁਮਾਏ ਗੁਰ ਚਰਨ [1]ਢੁਲਾਰ ਦੇ।
[2]ਚਰਨ ਕਮਲ ਦਲ ਮੌਜ [3]ਮਸਤੋਜ ਹੁਇ, ਅਮਲ ਖਿੜਾਏ ਅਮੀ ਦਰਸ ਖੁਮਾਰ ਦੇ।
ਚੜ੍ਹੀਆਂ ਖੁਮਾਰੀਆਂ ਝੁਲਾਰੀਆਂ ਝਲਕ ਦੀਆਂ, ਡੱਲਕਣ ਨੂਰ ਮੁਖ [4]ਰੰਗਲੇ ਗੁਲਾਰ ਦੇ।
ਰੰਗਲ ਗੁਲਾਰੇ ਮੁਖ ਨੂਰ ਡਲ੍ਹਕਾਰੇ ਨੈਨ, [5]ਲਗਨ ਟਟਾਰੇ ਦੇਖਿ ਰੰਗ ਕਰਤਾਰ ਦੇ।੨੦।

ਲਗਨ ਟਟਾਰੇ ਨਨ ਮਗਨ ਮੁਰਾਰੇ, ਲੈਣ ਅਨਦ ਹੁਲਾਰੇ, [6]ਗੈਨ ਅਮਨ ਅਟਾਰ ਦੇ।
ਅਮਰ ਅਟਾਰੇ ਖੁਲ੍ਹੇ ਦਸਮ ਦੁਆਰੇ, ਘੁਰੇ ਗਗਨ ਨਗਾਰੇ ਅਨਹਦ ਘੁਮਕਾਰ ਦੇ।
ਗਗਨ ਘੁੱਮਕੇ ਅਨਹਦ ਬਬਰੱਕੇ, ਜੋਤਿ [7]ਦਾਮਨ ਦਮੱਕੇ ਦਮਕਾਰ ਬਿਜਲਾਰ ਦੇ।
ਬੀਜਲ ਜੋਤਾਰ [8]ਨਭਿ ਨਾਭ ਇਕਸਾਰ ਜਗੇ, ਕਉਤਕ ਕਟਾਖੀ ਡਿਠੇ ਰੰਗ ਕਰਤਾਰ ਦੇ।੨੧।

ਚਾਂਦਨੀ ਪਸਰ ਰਹੀ [9]ਧਰਤੀ ਸੁਵੰਨੀ ਭਈ, ਰਤਨ ਜੜੰਨੇ ਉਤੇ ਸਗਰੀ ਸੇਜਾਰ ਦੇ।
ਰਤਨ ਨਗੀਨੜੇ ਜਗਾਇ ਜਗਮਗ ਹੀਰੇ, ਅਘੜ ਘੜਾਏ ਗਹਿਣੇ ਜੋਤਿ ਜਗਨਾਰ ਦੇ।
ਜੁਗਨੂ ਜੜੰਨੇ ਜੋਤਿ ਅਘੜ ਘੜੰਨੇ, ਹਥਿ ਹੀਰੇ ਚੜੰਨੇ ਨਿਰਮੋਲਕ ਕੀਮਾਰ ਦੇ।
ਕੀਮੀਆ[10] ਅਕੀਮ ਕੀਮ ਪਾਰਜਾਤ ਮਾਤ, ਕੀਨ, ਕਹਿਨ ਕਥੰਨ ਹੀਨ ਰੰਗ ਕਰਤਾਰ ਦੇ।੨੨।

ਭਜਨ ਭੋਜਨ ਚੂਰੇ ਕੀਰਤਨ ਨਾਦ ਪੂਰੇ, ਕਿਰਨ ਠਰੂਰੇ ਤੂਰੇ ਵਜਨਿ ਤੁਖਾਰ ਦੇ।
ਤਪਤ ਬੁਝਾਈ ਰੁਤਿ ਸੀਤਲ ਤੁਖਾਰ ਆਈ, ਵਜੜੀ ਵਾਧਾਈ ਗਾਏ ਮੰਗਲ ਮਲ੍ਹਾਰ ਦੇ।
ਮੰਗਲ ਮਨਾਏ ਮਿਲਿ ਸੋਹਿਲੜੇ ਗਾਏ, ਗੁਰ ਨਾਨਕ ਜਗਤ ਆਏ [11]ਭੁਜ ਕਰਤਾਰ ਦੇ।
ਭੁਜ ਭਗਤਨ ਅਸਧੁਜ[12] ਧਰਮਨ ਧੁਜਿ, ਪੀਰਾਂ ਸਿਰ ਪੀਰ ਸਿਰਮੌਰ ਔਲੀਆਰ ਦੇ।੨੩।

ਜ਼ਾਹਰਾ ਜ਼ਹੂਰ ਸਦਾ ਹਾਜ਼ਰਾ ਹਜ਼ੂਰ, ਐਨ ਨੂਰੀਆਂ ਦੇ ਨੂਰ ਹੋ ਸੂਰਜ ਸੂਰਜਾਰ ਦੇ।
ਘਟਿ ਘਟਿ ਭਰਪੂਰ ਦੂਰ ਭਗਤਾਂ ਤੋਂ ਕਦੇ ਨਾਂਹ, ਅੰਗ ਸੰਗ ਸਦਾ ਨਿਜ ਸਿਖ ਸੇਵਦਾਰ ਦੇ।
ਭਗਤਨ ਟੇਕ ਸੰਤਾਂ ਆਸਰਾ ਤੂੰ ਏਕ, ਸੁਧਾ, ਸਾਗਰ ਬਿਬੇਕ ਸੋਮੇ ਗਿਆਨ ਤਤਸਾਰ ਦੇ।
ਸਾਹਿਬ ਸਿਫ਼ਾਤ ਮੁਅਜਜ਼ਮ ਮੁਅਜਜ਼ਾਤ, ਮਕਰੂਮ ਕਰਾਮਾਤ ਨੂਰ ਹੱਕ ਅਨਵਾਰ ਦੇ।੨੪।

"ਦਰਸ਼ਨ ਝਲਕਾਂ" ਪੁਸਤਕ ਵਿਚੋਂ]

[ਕੱਤਕ ਪੂਰਨਮਾਸ਼ੀ, ੨ ਨਵੰਬਰ ੧੯੩੩

---

੧. ਢੋਲਾ, ਪਿਆਰਾ। ੨. ਕੰਵਲ ਫੁਲ ਦੇ ਪਤਿਆਂ ਵਾਂਗ ਕੋਮਲ ਚਰਨਾਂ ਦੀ ਮੌਜ। ੩. ਉਚੀ ਮਸਤੀ। ੪. ਗੁਲਾਲ (ਗੂੜ੍ਹਾ ਲਾਲ) ਰੰਗ ਦੇ। ੫. ਅੰਮ੍ਰਿਤ ਵੇਲੇ ਦੇ ਦਰਸ਼ਨ ਦਾ ਨਜ਼ਾਰਾ ਦਸਿਆ ਹੈ, ਮਸਤੀ ਵਿਚ ਅੱਖਾਂ ਟਟਾਰੇ ਲਗ ਗਈਆਂ। ੬. ਦਸਮ ਦੁਆਰ ਦੀ ਅਮਰ ਅਟਾਰੀ ਦੇ। ੭. ਬਿਜਲੀ। ੮. ਹਿਰਦਾ ਤੇ ਦਸਮ ਦੁਆਰ। ੯. ਹਿਰਦਾ। ੧੦. ਰਸਾਇਣ। ੧੧. ਭਗਤਾਂ ਦੀ ਬਾਂਹ, ਟੇਕ। ੧੨. ਧੁਜਾ ਵਾਲਾ।

www.AKJ.Org

# "ਏਕਾ ਸੁਰਤਿ ਜੇਤੇ ਹੈ ਜੀਅ"

[ਵਲੋਂ :—ਸਾਰੰਗ ਜੀ, ਕਪੂਰਥਲਾ]

ਗੁਰੂ ਨਾਨਕ ਸਾਹਿਬ ਜੀ ਸਿਰੀ ਰਾਗ ਦੀ ਬਾਣੀ ਵਿਚ (ਪੰਨਾ ੨੪) ਸ੍ਰਿਸ਼ਟੀ-ਰਚਨਾ ਬਾਰੇ ਇਕ ਬੜੀ ਰਹੱਸਮਈ ਗੱਲ ਤੋਂ ਪਰਦਾ ਚੁਕਦੇ ਹਨ—

ਏਕਾ ਸੁਰਤਿ ਜੇਤੇ ਹੈ ਜੀਅ ॥
ਸੁਰਤਿ ਵਿਹੂਣਾ ਕੋਇ ਨ ਕੀਅ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥
ਲੇਖਾ ਇਕੋ ਆਵਹੁ ਜਾਹੁ ॥੧॥

[ਸਿਰੀ ਰਾਗੁ ਮ: ੧, ਪੰਨਾ ੨੪-੨੫

ਭਾਵ, ਸ੍ਰਿਸ਼ਟੀ ਅੰਦਰ ਜਿਤਨੇ ਜੀਵ ਜੰਤੂ ਪੈਦਾ ਕੀਤੇ ਗਏ ਹਨ ਉਨ੍ਹਾਂ ਅੰਦਰ ਇਕ ਕਿਸਮ ਦੀ ਚੇਤਨਾ (Consciousness) ਰਖੀ ਗਈ ਹੈ। ਕਿਸੇ ਵਿਚ ਥੋੜੀ ਕਿਸੇ ਵਿਚ ਬਹੁਤੀ। ਛੋਟੇ ਛੋਟੇ ਜੀਵ ਜੰਤੂਆਂ ਅੰਦਰ ਚੇਤਨਾ ਦੀ ਇਹ ਦਸ਼ਾ ਹੈ ਕਿ ਉਹ ਆਪਣੇ ਆਪ ਵਿਚ ਹੀ ਸੀਮਤ (Self-Centered) ਜਿਹੇ ਰਹਿੰਦੇ ਹਨ। ਸਿਵਾਏ ਆਪਣੇ ਆਪ ਨੂੰ ਪਾਲਣ ਅਤੇ ਆਪਣੇ ਬੱਚਿਆਂ ਦਾ ਪਾਲਣ ਪੋਸਣ ਕਰਨ ਦੇ ਉਨ੍ਹਾਂ ਨੂੰ ਹੋਰ ਕੋਈ ਸੁਰਤਿ ਹੀ ਨਹੀਂ ਹੁੰਦੀ। ਬੱਚੇ ਜੰਮਣੇ, ਪਾਲਣੇ ਤੇ ਆਪ ਮਰ ਜਾਣਾ। ਸੁਰਤਿ ਕੇਵਲ ਆਪਣੀ ਜਾਤੀ (Species) ਜਾਂ ਵਰਗ ਦੇ ਵਧਣ-ਫੁਲਣ ਵਿਚ ਰਹਿੰਦੀ ਹੈ। ਹਵਾ ਵਿਚ ਰਹਿਣ ਵਾਲੇ ਜੀਵਾਂ,ਸੂਖਮ ਤੋਂ ਲੈਕੇ ਅਸਥੂਲ ਸਰੀਰਾਂ ਵਾਲੇ ਪੰਛੀਆਂ, ਪਾਣੀ ਵਿਚ ਰਹਿਣ ਵਾਲੇ ਨਿਕੇ ਵੱਡੇ ਹਰ ਪ੍ਰਕਾਰ ਦੇ ਜੀਵਾਂ, ਅਤੇ ਧਰਤੀ ਉਪਰ ਹਰ ਪ੍ਰਕਾਰ ਦੇ ਜੀਵ, ਜੰਤੂਆਂ, ਪਸ਼ੂਆਂ ਅਤੇ ਮਨੁਖਾਂ ਅੰਦਰ ਇਕ ਚੇਤਨਾ ਹੈ ਜੋ ਉਹਨਾਂ ਨੂੰ ਜੀਵਨ ਜੀਉਣ ਲਈ ਪ੍ਰੇਰੀ ਰਖਦੀ ਹੈ; ਇਸ ਵਿੱਚ ਸਵੈ-ਰਖਿਆ (Self-preservation) ਦੀ ਚੇਤਨਾ ਬਣੀ ਰਹਿੰਦੀ ਹੈ। ਪਰ ਇਸ ਤੋਂ ਬਿਨਾਂ ਭੀ ਕਿਤੇ ਕਿਤੇ ਸੁਰਤਿ ਕਿਸੇ ਤਰ੍ਹਾਂ ਤੀਬਰ ਹੋ ਜਾਂਦੀ ਹੈ, ਜਿਵੇਂ ਮੱਛੀ ਨੂੰ ਜ਼ਬਾਨ ਦਾ ਚਸਕਾ ਹੈ, ਹਿਰਨ ਨੂੰ ਸੁਣਨ (ਗੀਤ ਨਾਦ) ਦਾ, ਭੌਰੇ ਨੂੰ ਵਾਸ਼ਨਾ ਦਾ, ਭੰਬਟ ਨੂੰ ਦੀਵੇ ਦੀ ਲਾਟ ਦਾ, ਅਤੇ ਹਾਥੀ ਵਰਗੇ ਅਸਥੂਲ ਸਰੀਰ ਵਿਚ ਪੁਜ ਕੇ ਇਹ ਚਸਕਾ ਜਾਂ ਸੁਰਤਿ ਕਾਮ ਵਾਸ਼ਨਾ ਵਿਚ ਜ਼ਿਆਦਾ ਖੁਭ ਜਾਂਦੀ ਹੈ। ਪਰ ਮਨੁਖ ਜਾਮੇ ਵਿੱਚ ਇਸ ਸੁਰਤਿ ਦਾ ਬਹੁ-ਪੱਖੀ ਖਿੰਡਾਅ ਦੇਖਣ ਵਿਚ ਆਉਂਦਾ ਹੈ। ਯਥਾ ਗੁਰਵਾਕ—

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥

(ਆਸਾ ਸ੍ਰੀ ਰਵਿਦਾਸ ਜੀਉ, ਪੰਨਾ ੪੮੬)

ਕਹਿਣ ਦਾ ਭਾਵ ਇਹ ਕਿ ਇਹੋ ਸੁਰਤਿ ਜਦੋਂ ਅਤਿ ਦਰਜੇ (Extreme) ਤੇ ਪੁਜ ਜਾਂਦੀ ਹੈ ਤਾਂ ਦੋਖ ਜਾਂ ਵਿਕਾਰ ਬਣ ਜਾਂਦੀ ਹੈ ਅਤੇ ਇਸ ਰਾਹੀਂ ਜੀਵ ਦਾ ਵਿਨਾਸ਼ ਹੋ ਜਾਂਦਾ ਹੈ। ਸੋ ਸੁਰਤਿ ਜਿਥੇ ਜੀਵਨ-ਸ਼ਕਤੀ ਦੇਣ ਵਾਲੀ ਚੀਜ਼ ਹੈ ਉਥੇ ਇਸ ਰਾਹੀਂ ਜੀਵ ਦਾ ਸਤਿਆਨਾਸ ਭੀ ਹੋ ਜਾਂਦਾ ਹੈ ਅਤੇ ਇਸੇ ਸੁਰਤਿ ਜਾਂ ਅੰਤਮ ਸਮੇਂ ਦੀ ਲਗਨ ਦੇ ਅਨੁਸਾਰ ਅਗਲੀਆਂ ਜੂਨਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਉਸੇ ਸੁਰਤਿ, ਜਾਂ ਰੁਚੀ ਅਨੁਸਾਰ ਹੀ ਆਵਾ-ਗਵਨ ਦਾ ਚਕਰ ਚਲ ਪੈਂਦਾ ਹੈ।

ਅੰਤਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ
ਜੇ ਮਰੈ, ਸਰਪ ਜੋਨਿ ਵਲਿ ਵਲਿ ਅਉਤਰ ॥[੫੨੬

ਮਨੁਖੀ ਪੱਧਰ ਤਕ ਅਪੜਦਿਆਂ ਅਪੜਦਿਆਂ ਇਸ ਸੁਰਤਿ ਦਾ ਰੂਪ ਕੁਝ ਹੋਰ ਹੋ ਜਾਂਦਾ ਹੈ। ਮਾਝ ਕੀ ਵਾਰ ਵਿਚ ਗੁਰੂ ਨਾਨਕ ਪਾਤਸ਼ਾਹ ਇਕ ਸੁੰਦਰ ਨਕਸ਼ਾ ਬੰਨ੍ਹਦੇ ਹਨ—

ਪਹਿਲੈ ਪਿਆਰਿ ਲਗਾ ਥਣ ਦੁਧਿ ॥
ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥
ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥
ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰਵਾਸੁ ॥
ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥
ਦਸਵੈ ਦਧਾ ਹੋਆ ਸੁਆਹ ॥......੨॥

[ਵਾਰ ਮਾਝ ਮ: ੧, ਪੰਨਾ ੧੩੭-੩੮

ਇਸੇ ਸ਼ਬਦ ਦੇ ਅੰਤ ਵਿਚ ਮਹਾਰਾਜ ਟਿਪਣੀ



www.AKJ.Org

ਦਿੰਦੇ ਹਨ ਅਤੇ ਕਹਿੰਦੇ ਹਨ—

ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥ (੧੩੮)

ਭਾਵ ਇਹ ਹੈ ਕਿ ਜਦੋਂ ਪੈਦਾ ਹੋਣ ਸਮੇਂ ਜੀਵ (ਮਨੁਖ) ਦੀ ਲਿਵ ਪ੍ਰਭੂ ਚਰਨਾਂ ਨਾਲੋਂ ਟੁਟਦੀ ਹੈ, ਉਸ ਤੋਂ ਮਗਰੋਂ ਕਿਵੇਂ ਸੁਰਤਿ ਮਾਇਆ ਦੀ ਰੰਗਣ ਵਿਚ ਰੰਗੀਜਦੀ ਜਾਂਦੀ ਹੈ। ਪਹਿਲਾਂ ਮਾਂ ਦੇ ਦੁੱਧ ਵਿਚ ਹੀ ਸੁਰਤਿ ਰਹਿੰਦੀ ਹੈ, ਫਿਰ ਮਾਤਾ ਪਿਤਾ, ਭੈਣ ਭਰਾ, ਫਿਰ ਖੇਡਾਂ ਖੇਡਣ ਵਿਚ ਰੁਚੀ ਵਧ ਜਾਂਦੀ ਹੈ। ਕੁਝ ਵੱਡਾ ਹੋ ਕੇ ਬੱਚੇ ਨੂੰ ਆਪਣੇ ਸਰੀਰ ਦੇ ਵਾਧੇ ਲਈ ਹਰ ਵਕਤ ਬਹੁਤਾ ਖਾਣ ਪੀਣ ਦਾ ਚਸਕਾ ਲਗ ਜਾਂਦਾ ਹੈ। ਸਰੀਰ ਦੇ ਵਾਧੇ ਨਾਲ ਫਿਰ ਕਾਮ-ਰੁਚੀ ਜਾਗ ਪੈਂਦੀ ਹੈ, ਜੋ ਉਸ ਦੀ ਬੁੱਧੀ ਤੇ ਅਜਿਹਾ ਪਰਦਾ ਪਾਉਂਦੀ ਹੈ ਕਿ ਉਸ ਨੂੰ ਇਹ ਤਮੀਜ਼ ਕਰਨੀ ਨਹੀਂ ਆਉਂਦੀ ਕਿ ਇਹ ਮਾਂ ਹੈ, ਜਾਂ ਭੈਣ ਜਾਂ ਬੱਚੀ ਬਰਾਬਰ ਹੈ। ਕਾਮੀ ਸੁਰਤਿ ਵਿੱਚ ਅੰਨ੍ਹਾ ਹੋਇਆ ਹੋਇਆ ਫਿਰੀ ਜਾਂਦਾ ਹੈ। ਇਸ ਵਿਕਾਸ ਪਉੜੀ ਉਤੇ ਸਤਵੇਂ ਦਰਜੇ ਤੇ ਪੁਜ ਕੇ ਮਨੁੱਖ ਧਨ ਜੋੜ ਕੇ ਮਕਾਨ-ਮਹੱਲ ਬਣਾਂਦਾ ਹੈ, ਸਜਾਵਟਾਂ ਕਰ ਕਰ ਕੇ ਆਪਣੀ ਰੀਝ ਲਾਹੁੰਦਾ ਹੈ। ਪਰ ਅਠਵੀਂ ਅਵਸਥਾ ਵਿਚ ਅਪੜ ਕੇ ਵਿਕਾਸ ਬੰਦ ਹੋ ਕੇ ਸਗੋਂ ਸੁਰਤੀ ਨੂੰ ਢਾਹ ਲਗ ਜਾਂਦੀ ਹੈ। ਕ੍ਰੋਧ ਹੀ ਕ੍ਰੋਧ ਪਰਧਾਨ ਹੁੰਦਾ ਹੈ। ਮਨੁਖ ਆਪਣੇ ਆਪ ਨੂੰ ਹੋਰਨਾਂ ਨਾਲੋਂ ਵਧੇਰੇ ਸਮਝਦਾਰ ਤੇ ਤਜਰਬਾਕਾਰ ਸਮਝਦਾ ਹੈ ਅਤੇ ਇਹੋ ਹੀ ਉਸ ਦੇ ਕ੍ਰੋਧ ਦਾ ਕਾਰਨ ਬਣਦਾ ਹੈ। ਜੇ ਅਸੀਂ ਇਉਂ ਆਖੀਏ ਕਿ ਸ਼ੁਰੂ ਸ਼ੁਰੂ ਵਿਚ ਲੋਭ ਅਤੇ ਮੋਹ ਨੇ ਸੁਰਤਿ ਨੂੰ ਭੁਲਾਈ ਰਖਿਆ ਤਾਂ ਵਡੇ ਹੋ ਕੇ ਕਾਮ ਤੇ ਕ੍ਰੋਧ ਨੇ ਆ ਘੇਰਿਆ ਅਤੇ ਹੰਕਾਰ ਤਾਂ ਇਨ੍ਹਾਂ ਦੇ ਨਾਲ ਹੀ ਨਾਲ ਰਿਹਾ ਹੈ। ਨੌਵੀਂ ਅਤੇ ਦਸਵੀਂ ਅਵਸਥਾ ਵਿਚ ਮਨੁਖ ਦਾ ਖ਼ਾਤਮਾ ਹੀ ਦਰਸਾਇਆ ਗਿਆ ਹੈ। ਟਿਪਣੀ ਵਾਲੀ ਤੁਕ ਵਿੱਚ ਮਹਾਰਾਜ ਜੀ ਨੇ ਫ਼ੁਰਮਾਇਆ ਹੈ ਕਿ ਜੋ ਲੋਗ ਸਾਰੀ ਉਮਰ ਮਨਮੁਖ ਬਣੇ ਰਹਿੰਦੇ ਹਨ ਉਹਨਾਂ ਦੀ ਸੁਰਤਿ ਅਗਿਆਨਤਾ ਵਿਚ ਹੀ ਗ਼ਲਤ ਚੀਜ਼ਾਂ ਨਾਲ ਪਿਆਰ ਪਾਈ ਰਖਦੀ ਹੈ। ਇਉਂ ਗੁਰੂ ਤੋਂ ਬਿਨਾਂ ਸਾਰਾ ਸੰਸਾਰ ਭਾਵੇਂ ਕਿਤਨਾ ਹੀ ਚਤੁਰ ਪਿਆ ਬਣੇ, ਸੁਰਤਿ ਨੇ ਠੀਕ ਰਸਤੇ ਪੈਣਾ ਹੀ ਨਹੀਂ ਅਤੇ ਇਹ ਜਨਮ-ਮਰਨ ਦਾ ਗੇੜ ਵਿਚ, ਸੁਰਤਿ ਦੇ ਆਸਰੇ ਚਲਦਾ ਹੀ ਰਹਿਣਾ ਹੈ।

ਗੁਰਮਤਿ ਨੇ ਇਸ ਰਮਜ਼ ਨੂੰ ਬਹੁਤ ਚੰਗੀ ਤਰ੍ਹਾਂ ਸਮਝਿਆ ਅਤੇ ਸੁਰਤਿ ਨੂੰ ਸ਼ਬਦ ਨਾਲ ਜੋੜਨ ਦਾ ਨਵਾਂ ਤੇ ਸੁਖੈਨ ਸਿਧਾਂਤ ਸਤਿਗੁਰਾਂ ਨੇ ਆਪਣੀ ਪਵਿਤਰ ਬਾਣੀ ਰਾਹੀਂ ਪਰਚਾਰਿਆ। ਕਈ ਜੋਗੀ, ਵਡੇ ਵਡੇ ਵਿਦਵਾਨ ਪੰਡਿਤ ਸਤਿਗੁਰਾਂ ਤੋਂ ਪੁਛਦੇ ਹੁੰਦੇ ਕਿ ਤੁਹਾਡੀ ਬਾਣੀ ਵਿਚ ਇਕ ਤੁਕ ਆਈ ਹੈ "ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾਂ ॥੧॥ (ਬਿਲਾਵਲੁ ਮ: ੧, ਪੰਨਾ ੭੯੫) ਇਸ ਦੇ ਕੀ ਅਰਥ ਹਨ ? ਤੇ ਇਹ ਜਨਮ ਮਰਨ ਦੇ ਚਕਰ 'ਚੋਂ ਨਿਕਲਣ ਦਾ ਕਿਹੋ ਜਿਹਾ ਨਵੀਨ ਢੰਗ ਹੈ ? ਹੁਣ ਭੀ ਗੁਰਮਤਿ ਤੋਂ ਬਾਹਰ ਦੇ ਖੋਜੀ ਇਸ ਨਵੀਨ-ਜੁਗਤੀ ਦੀ ਪੁਛਣਾ ਕਰਦੇ ਰਹਿੰਦੇ ਹਨ। ਗੱਲ ਬੜੀ ਸੌਖੀ ਹੈ। ਸਵਾਸ ਸਵਾਸ ਰਾਹੀਂ ਸੁਰਤਿ ਅਤੇ ਸ਼ਬਦ ਦੇ ਮਿਲਾਪ ਲਈ ਗੁਰ-ਚਰਨਾਂ ਵਿਚ ਅਰਦਾਸ ਕਰਨੀ ਅਤੇ ਕਰੀ ਜਾਣੀ। ਆਪੇ ਮੇਲਾ ਹੋ ਜਾਂਦਾ ਹੈ। ਜਨਮ-ਮਰਨ ਨੂੰ ਠਾਕੁਰ ਆਪੇ ਹੀ ਨਿਵਾਰ ਲੈਂਦਾ ਹੈ। ਭੇਦ ਵਾਲੀ ਗੱਲ ਤਾਂ ਇਹ ਹੈ ਕਿ ਅਕਾਲ ਪੁਰਖ ਨੇ ਸਭ ਜੀਵਾਂ ਨੂੰ ਸੁਰਤੀ ਬਖ਼ਸ਼ੀ ਹੈ। ਆਪਣੇ ਨਾਮ (ਸ਼ਬਦ) ਦਾ ਪ੍ਰਕਾਸ਼ ਭੀ ਆਪਣੀ ਰਚਨਾ ਅੰਦਰ ਕੀਤਾ ਹੈ। ਆਮ ਸਧਾਰਨ ਅਵਸਥਾ ਵਿਚ ਸ਼ਬਦ ਤੇ ਸੁਰਤਿ ਵੱਖੋ ਵਖ ਰਹਿੰਦੇ ਹਨ। ਸੁਰਤਿ ਮਨੁਖ ਅੰਦਰ ਹੈ। ਸ਼ਬਦ ਗੁਰੂ ਦੀ ਦਾਤਿ ਹੈ। ਜਨਮ ਮਰਨ ਦਾ ਚੱਕਰ ਸ਼ਬਦ ਤੇ ਸੁਰਤਿ ਦੇ ਮੇਲ ਨਾਲ ਹੀ ਮੁਕਣਾ ਹੈ। ਜਿਸ ਜਿਸ ਨੂੰ ਇਸ ਖੇਡ ਦੀ ਸਮਝ ਆ ਜਾਂਦੀ ਹੈ ਜਾਂ ਜਿਸ ਨੂੰ ਉਹ ਖੇਡ ਸਮਝਾ ਦਿੰਦਾ ਹੈ, ਉਹ ਉਦਮ ਵਿਚ ਜੁਟ ਪੈਂਦਾ ਹੈ। ਉਸ ਨੂੰ ਗੁਰੂ ਵੀ ਲਭ ਪੈਂਦਾ ਹੈ, ਸਤਿ ਸੰਗਤ ਭੀ ਪ੍ਰਾਪਤ ਹੋ ਜਾਂਦੀ ਹੈ ਤੇ ਉਸ ਦੀ ਸੁਤੀ ਪਈ ਸੁਰਤਿ ਨੂੰ ਜਾਗ ਆ ਜਾਂਦੀ ਹੈ! ਜਦੋਂ ਸੁਰਤਿ ਸ਼ਬਦ ਨਾਲ ਮਿਲ ਜਾਂਦੀ ਹੈ ਫਿਰ ਤਾਂ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਹਨ। ਪ੍ਰਭੂ ਚਰਨਾਂ ਵਿਚ ਜੀਵ ਸਮਾ ਜਾਂਦਾ ਹੈ।

ਚਿਤੁ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹਿ ॥...੫॥
[ਬਚਿਤਰ ਨਾਟਕ ਪਾ:, ੧੦

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ—2]

## ਸਭ ਦਾ ਨਾਸਕ ਨਾਲੇ ਸਭ ਦਾ ਕਰਤਾ–ਪ੍ਰਭੂ

### ਚਰਪਟ ਛੰਦ ॥ ਤ੍ਵ ਪ੍ਰਸਾਦਿ ॥

(ਤੇਰੀ ਕਿਰਪਾ ਦੁਆਰਾ ਇਸ ਚਰਪਟ ਛੰਦ ਦੀ ਰਚਨਾ ਕਰਦਾ ਹਾਂ)

**ਸਰਬੰ ਹੰਤਾ ॥ ਸਰਬੰ ਗੰਤਾ ॥**
**ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥**

**ਸ਼ਬਦਾਰਥ** :–ਹੰਤਾ=ਮਾਰਨ ਵਾਲਾ। ਸਰਬੰ=ਸਭ ਨੂੰ ਹੀ। ਗੰਤਾ=ਪਹੁੰਚ ਵਾਲਾ। ਖਿਆਤਾ=ਪ੍ਰਸਿਧ, ਮਸ਼ਹੂਰ। ਗਿਆਤਾ=ਜਾਨਣ ਵਾਲਾ।

**ਭਾਵਾਰਥ** :—ਤੂੰ ਸਭ ਦੀ ਹਤਿਆ ਕਰਨ ਵਾਲਾ ਹੈਂ। ਸਭ ਤੀਕ ਹੀ ਤੇਰੀ ਪਹੁੰਚ ਹੈ। ਸਭ ਜੀਵਾਂ ਵਿਚ ਤੂੰ ਪਰਸਿੱਧ ਹੈਂ ਅਤੇ ਸਭ ਦਾ ਹੀ ਜਾਨਣਹਾਰ ਹੈਂ।

**ਕਾਵਿ ਭਾਵਾਰਥ** :–

ਸਭ ਦਾ ਕਾਲ ਤੂੰਹੀਓਂ, ਕਾਲ ਰੂਪ ਤੂੰਹੀਓਂ, ਹਰ ਥਾਂ ਪਹੁੰਚ ਹੈ ਤੇਰੀ, ਦਾਤਾਰ ਮੇਰੇ !
ਹਰ ਇਕ ਥਾਵੇਂ ਪ੍ਰਸਿਧ ਮਸ਼ਹੂਰ ਹੈਂ ਤੂੰ, ਜਾਨਣਹਾਰ ਸਭ ਦਾ ਹੈਂ ਕਰਤਾਰ ਮੇਰੇ !

**ਸਰਬੰ ਹਰਤਾ ॥ ਸਰਬੰ ਕਰਤਾ ॥**
**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥**

**ਭਾਵਾਰਥ** :–ਸਭ ਜੀਵਾਂ ਦਾ ਮਾਰਨਹਾਰ, ਸਭ ਦਾ ਸਿਰਜਨਹਾਰ, ਸਭ ਦਾ ਪ੍ਰਾਣ ਆਧਾਰ ਅਤੇ ਸਭ ਦਾ ਤ੍ਰਾਣ (ਸਤਿਆ) ਤੂੰ ਹੀ ਹੈਂ।

**ਕਾਵਿ ਭਾਵਾਰਥ** :–

ਹਰ ਇਕ ਜੀਵ ਦਾ ਹੈਂ ਮਾਰਨਹਾਰ ਤੂੰਹੀ, ਨਾਲੇ ਸਭਸ ਦਾ ਹੈਂ ਸਿਰਜਨਹਾਰ ਤੂੰਹੀਓਂ !
ਸਭ ਦੀ ਜਿੰਦ ਤੇ ਜਾਨ ਪ੍ਰਾਣ ਤੂੰਹੀਓਂ, ਨਾਲੇ ਸਭਸ ਦੀ ਸਤਿਆ ਦਾਤਾਰ ਤੂੰਹੀਓਂ !

**ਸਰਬੰ ਕਰਮੰ ॥ ਸਰਬੰ ਧਰਮੰ ॥**
**ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥**

**ਸ਼ਬਦਾਰਥ** :–ਕਰਮ=ਕੰਮ, ਕਾਰਜ। ਧਰਮ=ਫ਼ਰਜ਼, ਜ਼ਿਮੇਵਾਰੀਆਂ। ਜੁਗਤਾ=ਮੌਜੂਦ, ਵਿਆਪਕ। ਮੁਕਤਾ=ਸੁਤੰਤਰ, ਨਿਰਲੇਪ।

**ਭਾਵਾਰਥ** :–

ਸਭ ਕਰਮਾਂ ਵਿਚ ਤੂੰ ਵਿਆਪਕ ਹੋਣ ਕਰਕੇ ਹਰ ਕੰਮ ਤੂੰ ਆਪ ਹੀ ਕਰਦਾ ਹੈਂ। ਤੂੰ ਸਭ ਫਰਜ਼ਾਂ ਤੇ ਜ਼ਿਮੇਵਾਰੀਆਂ ਵਿਚ ਮੌਜੂਦ ਹੋਣ ਕਰਕੇ ਇਹ ਫ਼ਰਜ਼, ਜ਼ਿਮੇਵਾਰੀਆਂ ਤੂੰ ਹੀ ਨਿਭਾ ਰਿਹਾ ਏਂ। ਹਰ ਜੀਵ ਤੇ ਜਗਤ ਰਚਨਾ ਵਿਚ ਤੂੰ ਪੂਰੀ ਤਰ੍ਹਾਂ ਰਚਿਆ ਮਿਚਿਆ ਹੋਇਆ ਵੀ ਹੈਂ, ਪਰ ਇਸ ਤੋਂ ਨਿਰਲੇਪ ਤੇ ਵੱਖਰਾ ਵੀ ਹੈਂ।



www.AKJ.Org

ਕਾਵਿ ਭਾਵਾਰਥ :–

ਸਭ ਦੇ ਵਿਚ ਵਿਆਪਕ, ਮੌਜੂਦ ਰਹਿ ਕੇ, ਹਰ ਇਕ ਕਾਰਜ ਦਾ ਤੂ ਕਰਨਹਾਰ ਦਾਤਾ !
ਹਰ ਧਰਮ, ਹਰ ਫ਼ਰਜ਼, ਹਰ ਜ਼ਿਮੇਵਾਰੀ, ਦਾ ਤੂ ਆਪ ਹੀ ਹੈਂ ਪਾਲਨਹਾਰ ਦਾਤਾ !
ਕਣ ਕਣ ਜ਼ਰੇ ਜ਼ਰੇ ਵਿਚ ਵਿਆਪਕ ਹੈਂ ਤੂੰ, ਸਭਨਾਂ ਵਿਚ ਰਚਿਆ ਜੁਗਤਾਰ ਪ੍ਰੀਤਮ !
ਫਿਰ ਵੀ ਸਭ ਤੋਂ ਭਿੰਨ ਵੀ, ਅਡਰਾ ਵੀ, ਤੂੰ ਨਿਰਲੇਪ ਸਭ ਤੋਂ ਸਰਬ-ਮੁਕਤਾਰ ਪ੍ਰੀਤਮ !

## ਸਦਾ ਸਭਨਾਂ ਦੇ ਸਾਥ ਹਾਜ਼ਰ ਨਾਜ਼ਰ–ਪ੍ਰਭੂ

**ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥**

(ਇਹ ਰਸਾਵਲ ਛੰਦ ਵੀ ਤੇਰੀ ਕਿਰਪਾ ਨਾਲ ਹੀ ਲਿਖਦਾ ਹਾਂ)

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**
**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥**

**ਭਾਵਾਰਥ**–ਤੂੰ ਨਰਕਾਂ ਤੇ ਦਰਿਦਰਾਂ ਨੂੰ ਨਾਸ ਕਰਨ ਵਾਲਾ ਹੈਂ, ਤੈਨੂੰ ਮੇਰੀ ਨਮਸਕਾਰ ਹੈ। ਤੂੰ ਸਦੀਵੀ ਗਿਆਨ ਪ੍ਰਕਾਸ਼ ਹੈਂ, ਤੇਰਾ ਕੋਈ ਅੰਗ ਨਹੀਂ, ਕੋਈ ਆਕਾਰ ਨਹੀਂ, ਤੇਰਾ ਪ੍ਰਤਾਪ ਵੀ ਨਾਸ ਰਹਿਤ ਤੇ ਸਦੀਵੀ ਹੈ।

**ਕਾਵਿ ਭਾਵਾਰਥ**–

ਦੁਖ, ਦਰਦ, ਦਲਿਦਰ ਤੇ ਨਰਕ ਨਾਸਕ, ਤੈਨੂੰ ਕਰਾਂ ਡੰਡੌਤ ਦਾਤਾਰ ਮੇਰੇ।
ਚਾਨਣ ਰੂਪ ਸਭ ਦਾ, ਸਦ-ਪ੍ਰਕਾਸ਼ ਪ੍ਰੀਤਮ, ਤੈਨੂੰ ਕਰਾਂ ਡੰਡੌਤ ਦਾਤਾਰ ਮੇਰੇ।
ਤੇਰਾ ਕੋਈ ਸਰੀਰ ਅਕਾਰ ਹੀ ਨਹੀਂ, ਅੰਗ-ਮੁਕਤ ਪ੍ਰੀਤਮ, ਹੈ ਪ੍ਰਨਾਮ ਤੈਨੂੰ।
ਤੇਰਾ ਤੇਜ ਹੈ ਸਦਾ ਅਟੱਲ ਸੁਆਮੀ, ਹੁੰਦਾ ਨਾਸ ਨਹੀਂ ਕਦੇ, ਪ੍ਰਨਾਮ ਤੈਨੂੰ।

**ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**
**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

**ਸ਼ਬਦਾਰਥ**–ਪ੍ਰਮਾਥੇ = ਪ੍ਰ + ਮਾਥੇ। ਮਾਥ = ਮਥ, ਰਿੜਕਣਾ। ਪ੍ਰ = ਹੋਰਨਾਂ ਨੂੰ। ਪ੍ਰਮਾਥ = ਹੋਰਨਾਂ ਨੂੰ ਦੁਖੀ ਕਰਨ ਵਾਲਾ। ਨਿਰਬਾਧ = ਬਾਧਾ ਮੁਕਤ, ਰੁਕਾਵਟਾਂ ਤੋਂ ਰਹਿਤ।

**ਭਾਵਾਰਥ**–ਹੋਰਨਾਂ ਨੂੰ ਦੁਖੀ ਕਰਨ ਵਾਲਿਆਂ ਨੂੰ ਵੀ ਤੂੰ ਰਗੜੇ ਦੇਣ ਵਾਲਾ ਹੈਂ। ਸਦਾ ਹੀ ਹਰ ਜੀਵ ਦੇ ਅੰਗ ਸੰਗ ਹੈਂ। ਤੂੰ ਅਥਾਹ ਹੈਂ, ਬੇਅੰਤ ਹੈਂ, ਤੇਰੇ ਤੇਜ ਪ੍ਰਤਾਪ ਅਗੇ ਕੋਈ ਟਿਕ ਨਹੀਂ ਸਕਦਾ, ਕੋਈ ਰੁਕਾਵਟ ਨਹੀਂ ਬਣ ਸਕਦਾ।

**ਕਾਵਿ ਭਾਵਾਰਥ**–

ਜਿਹੜੇ ਹੋਰਨਾਂ ਨੂੰ ਦੁਖ ਤਕਲੀਫ਼ ਦੇਂਦੇ, ਓਨ੍ਹਾਂ ਤਾਈਂ ਵੀ ਕਰੇਂ ਤੂੰ ਨਾਸ ਦਾਤਾ।
ਹਰ ਇਕ ਜੀਵ ਦੇ ਸਦਾ ਅੰਗ ਸੰਗ ਰਹਿਨੈਂ, ਰਖੇਂ ਸਦਾ ਹਰ ਰਿਦੇ ਵਿਚ ਵਾਸ ਦਾਤਾ।
ਤੂ ਬੇਅੰਤ, ਅਥਾਹ, ਅਗਾਧ ਪ੍ਰੀਤਮ, ਮਿਲਦਾ ਨਹੀਂ ਪਿਆਰੇ ਤੇਰਾ ਥਾਹ ਕੋਈ।
ਤੇਰਾ ਤੇਜ ਪ੍ਰਤਾਪ ਅਰੋਕ ਦਾਤਾ, ਸਕਦਾ ਨਹੀਂ ਇਸ ਵਿਚ ਰੋਕ ਪਾ ਕੋਈ।

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥**
**ਨਿਰਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥**



www.AKJ.Org

**ਸ਼ਬਦਾਰਥ** :–ਅਨੰਗੀ=ਅਨ+ਅੰਗੀ, ਅੰਕ ਅਕਾਰ ਰਹਿਤ। ਤ੍ਰਿਭੰਗੀ=ਤ੍ਰਿ+ਭੰਗੀ, ਤਿੰਨਾਂ ਹੀ ਲੋਕਾਂ ਨੂੰ ਭੰਗ ਕਰਨ ਵਾਲਾ, ਤ੍ਰੈਲੋਕੀ ਦਾ ਨਾਸ ਕਰਨ ਵਾਲਾ। ਤ੍ਰਿਕਾਮੇ=ਤ੍ਰੈਲੋਕੀ ਦੇ ਜੀਵਾਂ ਦੀਆਂ ਤ੍ਰਿੰਨੇ ਕਾਮਨਾਵਾਂ : ਧਰਮ, ਅਰਥ, ਮੋਖ ਪੂਰੀਆਂ ਕਰਨ ਵਾਲਾ ਹੈਂ। ਨਿਰਭੰਗੀ=ਨਿਰ+ਭੰਗੀ, ਨਿਰ=ਕੋਈ ਨਾ, ਕਿਸੇ ਤੋਂ ਨਾ। ਭੰਗੀ=ਭੰਗ ਹੋਣ ਵਾਲਾ, ਨਾਸ ਹੋਣ ਵਾਲਾ। ਸਰਬੰਗੀ=ਸਰਬ ਅੰਗ ਸੰਪੂਰਨ। ਅਨੂਪ=ਉਪਮਾ ਰਹਿਤ।

**ਭਾਵਾਰਥ** :–ਪ੍ਰਭੂ, ਤੂੰ ਅੰਗ, ਅਕਾਰ ਤੇ ਨਾਮ ਰਹਿਤ ਹੈਂ। ਮਾਤ, ਪਾਤਾਲ ਤੇ ਅਕਾਸ ਤਿੰਨਾਂ ਲੋਕਾਂ ਦਾ ਨਾਸਕ ਹੈਂ। ਨਾਲੇ ਤਿੰਨਾਂ ਹੀ ਲੋਕਾਂ ਦੇ ਸਰਬਤ ਜੀਵਾਂ ਦੀਆਂ ਤ੍ਰਿੰਨੇ ਕਾਮਨਾਂ ਪੂਰਨ ਕਰਨ ਵਾਲਾ ਹੈਂ। ਤੈਨੂੰ ਕੋਈ ਵੀ ਨਾਸ ਨਹੀਂ ਕਰ ਸਕਦਾ। ਤੂ ਸਰਬ ਅੰਗ ਸੰਪੂਰਨ ਹੈਂ ਅਤੇ ਅਜਿਹਾ ਸੁੰਦਰ ਤੇ ਵਿਲੱਖਣ ਹੈਂ ਕਿ ਤੇਰੇ ਜਿਹਾ ਹੋਰ ਕੋਈ ਨਹੀਂ ਹੈ।

**ਕਾਵਿ ਭਾਵਾਰਥ** :–

ਤੇਰਾ ਅੰਗ ਸਰੀਰ ਅਕਾਰ ਕੋਈ ਨਹੀਂ, ਨਾ ਕੋਈ ਤੇਰਾ ਵਿਸ਼ੇਸ਼ ਇਕ ਨਾਂ ਪਿਆਰੇ।
ਤਿੰਨਾਂ ਲੋਕਾਂ ਨੂੰ ਹੀ ਨਾਸ ਕਰਨ ਵਾਲੇ, ਸਭ ਦੀ ਪੂਰਨੈਂ ਮਨ-ਕਾਮਨਾ ਪਿਆਰੇ।
ਹਸਤੀ ਤੇਰੀ ਨਹੀਂ ਕਦੇ ਵੀ ਨਾਸ ਹੁੰਦੀ, ਨਾਸ ਰਹਿਤ ਦਾਤਾ, ਤੂੰ ਨਿਰਭੰਗ ਪ੍ਰੀਤਮ!
ਤੇਰੇ ਜਿਹਾ ਨਹੀਂ ਦੂਸਰਾ ਹੋਰ ਕੋਈ, ਤੂੰ ਹੈਂ ਸਰਬ ਪੂਰਨ ਤੇ ਸਰਬੰਗ ਪ੍ਰੀਤਮ!

**ਨ ਪੋਤ੍ਰੈ ॥ ਨ ਪੁਤ੍ਰੈ ॥ ਨ ਸਤ੍ਰੈ ॥ ਨ ਮਿਤ੍ਰੈ ॥**
**ਨ ਤਾਤੈ ॥ ਨ ਮਾਤੈ ॥ ਨ ਜਾਤੈ ॥ ਨ ਪਾਤੈ ॥੧੪੮॥**

**ਭਾਵਾਰਥ** :–ਨਾ ਕੋਈ ਤੇਰਾ ਪੋਤਰਾ ਹੈ ਨਾ ਪੁਤਰ ਹੈ, ਨਾ ਕੋਈ ਵੈਰੀ ਹੈ ਨਾ ਮਿਤਰ ਹੈ। ਨਾ ਪਿਤਾ ਹੈ ਨਾ ਮਾਤਾ ਹੈ। ਨਾ ਕੋਈ ਤੇਰੀ ਜਾਤ ਹੈ ਨਾ ਕੁਲ ਹੈ।

**ਕਾਵਿ ਭਾਵਾਰਥ** :–

ਵੈਰੀ, ਮਿਤ੍ਰ ਨ ਤੇਰਾ ਹੈ ਕੋਈ ਦਾਤਾ, ਨ ਪੁਤ ਪੋਤਾ ਹੈ ਤੇਰਾ ਦਾਤਾਰ ਮੇਰੇ!
ਪਿਤਾ, ਮਾਤਾ ਨ ਜਾਤ ਨ ਪਾਤ ਕੋਈ, ਤੇਰ ਮੇਰ ਤੋਂ ਉਚ ਦਾਤਾਰ ਮੇਰੇ!

**ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥**
**ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥**

**ਸ਼ਬਦਾਰਥ** :–ਨ੍ਰਿਸਾਕੰ=ਸਾਕ ਸਨਬੰਧੀ ਰਹਿਤ। ਸਰੀਕ=ਸ਼ਰੀਕ ਰਹਿਤ। ਅਮਿਤੋ=ਅ+ਮਿਤ, ਮਿਤ=ਮਿਣਿਆ ਹੋਇਆ। ਅਮਿਤੋ=ਜੋ ਮਿਣਿਆ, ਤੋਲਿਆ ਨਾਪਿਆ ਨ ਜਾ ਸਕੇ। ਅਮੀਕ=ਡੂੰਘਾ। ਸਦੈਵੰ=ਸਦ+ਇਵੰ, ਸਦਾ ਹੀ ਇਹੋ ਜਿਹਾ, ਇਕ ਸਾਰ। ਪ੍ਰਭਾ=ਪ੍ਰਕਾਸ਼। ਸਦੈਵੰ ਪ੍ਰਭਾ=ਸਦ ਪ੍ਰਕਾਸ਼। ਅਜੈ=ਅਜਿਤ। ਅਜਾ=ਜਨਮ ਮੁਕਤ।

**ਭਾਵਾਰਥ** :–ਪ੍ਰਭੂ, ਤੂੰ ਸਾਕ ਸਨਬੰਧੀਆਂ ਅਤੇ ਸ਼ਰੀਕਾਂ ਤੋਂ ਰਹਿਤ ਹੈਂ। ਇਤਨਾ ਡੂੰਘਾ ਹੈਂ ਕਿ ਮਿਣਿਆ ਨਹੀਂ ਜਾ ਸਕਦਾ। ਸਦੈਵ ਪ੍ਰਕਾਸ਼ ਹੈਂ, ਅਜਿਤ ਹੈਂ ਅਤੇ ਜਨਮ ਤੋਂ ਮੁਕਤ ਹੈਂ।

**ਕਾਵਿ ਭਾਵਾਰਥ** :–

ਅੰਗ, ਸਾਕ ਨਾ ਕੋਈ ਸ਼ਰੀਕ ਤੇਰਾ, ਹੈਂ ਅਮੀਕ, ਗਿਣਿਆ ਜਾ ਨਾ ਸਕੇਂ ਪ੍ਰੀਤਮ!
ਸਦ ਪ੍ਰਕਾਸ਼ ਹੈਂ, ਜਨਮ ਤੋਂ ਮੁਕਤ ਨਾਲੇ, ਹੈਂ ਅਜੈ, ਜਿਤਿਆ ਜਾ ਨ ਸਕੇਂ ਪ੍ਰੀਤਮ!

---

**ਪਾਠਕ ਜੀ**! ਜੇ ਪਰਚਾ ਡਾਕ ਵਿਚ ਗੁਆਚ ਜਾਏ ਤਾਂ ਉਸੇ ਮਹੀਨੇ ਦੀ ੧੫ ਤਰੀਕ ਤਕ ਪੱਤਰ ਲਿਖ ਕੇ ਹੋਰ ਮੰਗਾ ਲਓ।



www.AKJ.Org

# ਨਿਰਣੈ ਦਾ ਸਰੂਪ

[ਵਲੋਂ :—ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ]

ਗਿ: ਭਾਗ ਸਿੰਘ ਜੀ ਨੇ ਆਪਣੀ ਪੁਸਤਕ 'ਦਸਮ ਗ੍ਰੰਥ ਨਿਰਣੈ' ਵਿਚ ਦਸਮ ਗ੍ਰੰਥ ਦੀਆਂ ਬਾਣੀਆਂ ਨੂੰ ਬੜੇ ਅਪਮਾਨ ਭਰੇ ਲਹਿਜੇ ਵਿਚ ਮਨ-ਉਕਤ ਦਲੀਲਾਂ ਰਾਹੀਂ ਖੰਡਨ ਕੀਤਾ ਹੈ ਅਤੇ ਮਜ਼ਾਕ ਉਡਾਇਆ ਹੈ। ਜਿਸ ਨਾਲ ਸ਼ਰਧਾਲੂ ਹਿਰਦੇ ਵਲੂੰਧਰੇ ਗਏ ਹਨ। ਇਸ ਪੁਸਤਕ ਦਾ ਬਾ-ਦਲੀਲ ਤੇ ਢੁਕਵਾਂ ਉਤਰ ਪਰਮਾਣੀਕ ਹਵਾਲਿਆਂ ਸਹਿਤ ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ ਨੇ ਦਿੰਦਿਆਂ ਹੋਇਆਂ, ਲੇਖ-ਲੜੀ ਭੇਜੀ ਹੈ, ਜਿਨ੍ਹਾਂ ਨੂੰ ਛੇਤੀ ਹੀ ਪੁਸਤਕ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਸ ਦਾ ਅਰੰਭਕ ਲੇਖ ਹੇਠਾਂ ਦਿਤਾ ਜਾ ਰਿਹਾ ਹੈ। "ਭਗਉਤੀ ਪਦ ਅਰਥ ਨਿਰਣੈ" ਅਤੇ ਹੋਰ ਲੇਖ ਅਗਲੇ ਪਰਚਿਆਂ ਵਿਚ ਦਿਤੇ ਜਾਣਗੇ। —ਸੰਪਾਦਕ

"ਨਿਰਣੈ" ਕਿਸੇ ਨਿਜੀ ਮਨੌਤ ਦਾ ਨਾਂ ਨਹੀਂ ਅਤੇ ਨਾ ਹੀ ਨਿਰਣੈ ਵਿਚ ਅਨਿਆਂ ਦਾ ਨਾਮੋ-ਨਿਸ਼ਾਨ ਹੁੰਦਾ ਹੈ। ਨਿਰਣੇ ਵਿਚ 'ਪੂਰਾ ਨਿਆਉ ਕਰੇ ਕਰਤਾਰੁ'* ਵਾਲੀ ਭਾਵਨਾ ਦੀ ਹੋਂਦ ਹੋਣੀ ਲਾਜ਼ਮੀ ਹੁੰਦੀ ਹੈ। ਨਿਰਣੈਕਾਰ ਦਾ ਮੁਖ ਕਰਮ ਤੇ ਫ਼ਰਜ਼ ਇਹ ਹੁੰਦਾ ਹੈ ਕਿ ਉਹ ਜਿਸ ਵਿਸ਼ੇ ਬਾਰੇ ਨਿਰਣਾ ਕਰ ਰਿਹਾ ਹੋਵੇ ਉਸ ਦੇ ਵਿਰੋਧੀ ਤੇ ਅ-ਵਿਰੋਧੀ ਦੋਹਾਂ ਪੱਖਾਂ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਕਰੇ।ਦੋਨੋਂ ਪ੍ਰਕਾਰ ਦੇ ਪ੍ਰਮਾਣਾਂ ਨੂੰ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਨ ਮਗਰੋਂ ਹੀ ਕੋਈ ਨਿਰਣਾ ਕਰਨਾ ਸੋਭਦਾ ਹੈ। ਕੇਵਲ ਸਵੈ-ਪੱਖੀ ਜਾਂ ਸਵੈ-ਵਿਰੋਧੀਵਿਚਾਰਾਂ ਦੀ ਪ੍ਰੋੜ੍ਹਤਾ ਲਈ ਪ੍ਰਮਾਣਾਂ ਦਾ ਸੰਗ੍ਰਹਿ ਕਰਨਾ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਨਵੀਂ ਕਿਸਮ ਦਾ ਨਿਰਣਾ ਕਰਨਾ ਪਾਠਕਾਂ ਨੂੰ ਧੋਖਾ ਦੇਣਾ ਹੀ ਨਹੀਂ, ਸਗੋਂ ਆਪਣੀ ਹਥੀਂ ਆਪਣੇ ਆਪ ਦਾ ਕੂਚਾ ਫੇਰਨਾ ਹੁੰਦਾ ਹੈ।

ਕਿਸੇ ਨਿਰਣੈ ਦੀ ਪ੍ਰਮਾਣਿਕਤਾ ਨੂੰ ਪਰਖਣ ਲਈ ਇਤਿਹਾਸਕ ਸਬੂਤ ਅਤੇ ਹੋਰ ਲੋੜੀਂਦੇ ਪ੍ਰਮਾਣਾਂ ਦੀ ਸਮਿਗਰੀ ਸਹਾਇਕ ਹੋ ਸਕਦੀ ਹੈ, ਪਰ ਉਸ ਨਿਰਣੈ ਦੀ ਨਿੱਗਰਤਾ ਜਾਂ ਥੋਥਾਪਨ, ਨਿਰਾ ਪੁਰਾ ਨਿਰਣੈਕਾਰ ਦੀ ਮਨ-ਉਕਤ ਲੇਖਣੀ ਤੇ ਹੀ ਨਿਰਭਰ ਨਹੀਂ ਹੁੰਦਾ ਬਲਕਿ ਉਸ ਨਾਲ ਸੁਚੱਜੇ ਤੇ ਸੁਜਾਨ ਪਾਠਕਾਂ ਦਾ ਸਹਿਮਤ ਹੋਣਾ ਵੀ ਜ਼ਰੂਰੀ ਹੁੰਦਾ ਹੈ। ਨਿਰਪੱਖ ਪਾਠਕ ਨਿਰਣੈਕਾਰ ਦਾ ਨਿਜੀ ਜੀਵਨ, ਭਾਵ ਕਿਰਦਾਰ, ਸੰਗਤੀ-ਜੀਵਨ, ਆਲਾ ਦੁਆਲਾ ਅਤੇ ਉਸ ਦੀਆਂ ਉਪਲਬਧ ਲਿਖਤਾਂ, ਉਸ ਦਾ ਵਖ ਵਖ ਵਿੱਅਕਤੀਆਂ ਨਾਲ ਮੇਲ-ਜੋਲ ਅਤੇ ਹੋਰ ਸਮੂਹ ਤੱਥਾਂ ਨੂੰ ਜੋਖ ਕੇ ਅਸਲੀਅਤ ਭਾਂਪਣ ਦਾ ਜਤਨ ਕਰਦੇ ਹਨ। ਅਜੋਕੇ ਵਿਗਿਆਨਕ-ਯੁਗ ਵਿਚ ਕਿਸੇ ਪੁਸਤਕ ਦਾ ਦਿਲ-ਖਿਚਵਾਂ ਨਾਂ ਰਖ ਕੇ ਲੋਕਾਂ ਨੂੰ ਭਰਮ-ਜਾਲ ਵਿਚ ਫਸਾਇਆ ਨਹੀਂ ਜਾ ਸਕਦਾ, ਕਿਉਂਕਿ ਟੀਕਾ-ਟਿਪਣੀ ਹੋਣ ਮਗਰੋਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵਖ ਹੋ ਜਾਂਦਾ ਹੈ, ਭਾਵ ਸਿਧਾਂਤਕ ਪੱਖ ਉਜਾਗਰ ਹੋ ਕੇ ਆਪ-ਮੁਹਾਰੇ ਪਾਠਕਾਂ ਦੇ ਸਾਹਮਣੇ ਆ ਜਾਂਦੇ ਹਨ, ਜਿਵੇਂ ਕਿ ਗੁਰਬਾਣੀ ਵਿਚ ਅੰਕਿਤ ਹੈ :—

'ਉਘਰਿ ਗਇਆ ਜੈਸਾ ਖੋਟਾ ਢਬੂਆ,
ਨਦਰਿ ਸਰਾਫਾ ਆਇਆ ॥
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ
ਛਪਾਇਆ ॥੩॥

[ਆਸਾ ਮ: ੫, ਪੰਨਾ ੩੮੧

ਇਸ ਗੱਲ ਤੋਂ ਲਗਪਗ ਹਰੇਕ ਪੜ੍ਹਿਆਂ ਲਿਖਿਆ ਮਨੁਖ ਜਾਣੂੰ ਹੈ ਕਿ ਮਨੁਖੀ ਮਨ ਵਿਚ ਜਿਥੇ ਇਨਸਾਨੀਅਤ ਦਾ ਡੇਰਾ ਹੈ ਉਥੇ ਸ਼ੈਤਾਨੀਅਤ ਦਾ ਡੇਰਾ ਵੀ ਨਾਲ ਹੀ ਮੌਜੂਦ ਹੈ। ਹਰੇਕ ਮਨੁਖ ਦੇ ਹਿਰਦੇ

*ਗਉੜੀ ਮ: ੫, ਪੰਨਾ ੧੯੯



www.AKJ.Org

ਵਿਚ ਦੈਵੀ ਅਤੇ ਅਦੈਵੀ, ਸ਼ਾਂਤੀ ਤੇ ਅਸ਼ਾਂਤੀ ਦੋ ਤਰ੍ਹਾਂ ਦੀਆਂ ਰੁਚੀਆਂ ਕੰਮ ਕਰਦੀਆਂ ਹਨ। ਜਿਹੜੀ ਰੁਚੀ ਕਿਸੇ ਮਨੁਖ਼ ਵਿਚ ਪ੍ਰਬਲ ਹੋਵੇ, ਉਹ ਮਨੁੱਖ ਉਸੇ ਆਧਾਰ ਤੇ ਹੀ ਹੋਰਨਾਂ ਦੇ ਵੀਚਾਰਾਂ ਨੂੰ ਪਰਖਣ ਦਾ ਜਤਨ ਕਰਦਾ ਹੈ। ਧਰਮੀ ਮਨੁਖਾਂ ਵਿਚ ਹਮੇਸ਼ਾ ਦੈਵੀ ਗੁਣਾਂ ਦੀ ਅਧਿਕਤਾ ਹੁੰਦੀ ਹੈ ਅਤੇ ਅਧਰਮੀ ਮਨੁਖ ਲੜਾਈ ਝਗੜੇ ਅਥਵਾ ਵਾਦ-ਵਿਵਾਦ ਵਿਚ ਪੈ ਕੇ ਆਪਣਾ ਹੀਰੇ ਵਰਗਾ ਜਨਮ ਕਉਡੀ ਬਦਲੇ ਗੁਆ ਲੈਂਦੇ ਹਨ। ਹਾਂ, ਜਿਹੜੇ ਮਨੁਖ ਨਿਰਪੱਖਤਾ ਦੇ ਹਾਮੀ ਹੁੰਦੇ ਹਨ ਓਹ ਹਰ ਨਿਰਣੈ ਨੂੰ ਸੱਚਾਈ ਦੀ ਤਕੜੀ ਤੇ ਤੋਲਦੇ ਹਨ ਅਤੇ ਵਾਦ-ਵਿਵਾਦ ਦੀਆਂ ਕਹਾਣੀਆਂ ਦੇ ਚਿਤ੍ਰ ਖਿਚ ਕੇ, ਅਸ਼ਲੀਲ ਝਾਕੀਆਂ ਦਾ ਸੰਗ੍ਰਹਿ ਕਰਕੇ ਪਰਦਰਸ਼ਕਾਂ ਦੀ ਆਤਮਕ ਸਥਿਤੀ ਨੂੰ ਡਾਵਾਂ ਡੋਲ ਨਹੀਂ ਕਰਦੇ, ਸਗੋਂ ਸਚ-ਧਰਮ ਪ੍ਰਤੀ ਸਚੀ ਸ਼ਰਧਾ ਤੇ ਵਿਸ਼ਵਾਸ ਨੂੰ ਪਕਿਆਂ ਕਰਨ ਵਿਚ ਸਹਾਈ ਹੁੰਦੇ ਹਨ। ਬੇਸ਼ਕ ਇਹ ਅਸਲੀਅਤ ਪਾਠਕਾਂ ਨੂੰ ਸਦਾ ਚੇਤੇ ਰਖਣੀ ਚਾਹੀਦੀ ਹੈ ਕਿ ਨਿਰਣੈਕਾਰ ਵਿਚ ਵਿਦਿਅਕ ਯੋਗਤਾ ਦਾ ਹੋਣਾ ਬੜਾ ਜ਼ਰੂਰੀ ਹੈ, ਪਰ ਨਿਰੀ ਵਿਦਿਅਕ ਯੋਗਤਾ ਵੀ ਸਹੀ ਨਿਰਣੇ ਦਾ ਹਲ ਨਹੀਂ, ਕਿਉਂਕਿ ਕਈ ਵਾਰੀ ਨਿਰੀ ਵਿਦਿਆ ਦੇ ਆਸਰੇ ਕੀਤੇ ਨਿਰਣੇ ਬਿਲਕੁਲ ਹੀ ਨਿਕੰਮੇ ਸਾਬਤ ਹੁੰਦੇ ਹਨ।

ਸਿਖ ਜਗਤ ਵਿਚ ਬੱਝੇ ਹੋਏ ਧਾਰਮਕ ਧੁਰਵਿਆਂ ਬਾਰੇ, ਜਿਨ੍ਹਾਂ ਦੇ ਆਸਰੇ ਪੰਥਕ ਮਹਿਲ ਖੜਾ ਹੈ, ਅਸਰਧਾ ਪ੍ਰਗਟਾਉਣੀ ਤੇ ਸ਼ੰਕੇ ਖੜੇ ਕਰਨੇ, ਇਕ ਵਡਾ ਕੁਕ੍ਰਿਤ ਕਰਮ ਹੈ। ਧਰਮ ਵਿਚ ਸ਼ਰ੍ਹਾ ਅਤੇ ਸ਼ਰਧਾ ਬਾਰੇ, ਜੋ ਕਿ ਗੁਰਮਤਿ ਲੀਹਾਂ ਤੇ ਗੁਰੂ ਕਾਲ ਤੋਂ ਪ੍ਰਚਲਤ ਹੈ, ਕਿਸੇ ਪ੍ਰਕਾਰ ਦਾ ਉਟੰਕਣ ਕਰਨਾ ਉਚਿਤ ਨਹੀਂ। ਸ਼ਰ੍ਹਾ ਨੂੰ ਕਮਾਉਣ ਦੀ ਸਿਖਿਆ ਦੇਣ ਦੀ ਲੋੜ ਹੈ, ਜਿਵੇਂ ਕਿ ਗੁਰਬਾਣੀ ਵਿਚ ਅੰਕਿਤ ਹੈ :—

ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥
[ਮਾਰੂ ਮ: ੫, ਪੰਨਾ ੧੦੮੩

ਮੁਸਲਮਾਨੀ ਧਰਮ ਵਿਚ ਸ਼ਰ੍ਹਾ ਤੇ ਸ਼ੱਕ ਕਰਨ ਵਾਲੇ ਨੂੰ 'ਕਾਫ਼ਰ' ਦਾ ਖ਼ਿਤਾਬ ਦਿਤਾ ਜਾਂਦਾ ਹੈ, ਜੋ ਨਿਰਾਦਰ ਭਰਿਆ ਹੁੰਦਾ ਹੈ। ਇਸੇ ਤਰ੍ਹਾਂ ਸਿਖ ਧਰਮ ਵਿਚ ਵੀ ਸ਼ਰ੍ਹਾ (ਮਰਯਾਦਾ) ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਸ੍ਰੀ ਨਨਕਾਣਾ ਸਾਹਿਬ, ਜੈਤੋ, ਸ੍ਰੀ ਗੰਗਸਰ, ਸ੍ਰੀ ਪੰਜਾ ਸਾਹਿਬ ਆਦਿ ਅਸਥਾਨਾਂ ਤੇ ਲਗੇ ਮੋਰਚੇ, ਧਾਰਮਿਕ ਮਰਯਾਦਾ ਦੀ ਸਥਿਰਤਾ ਦਾ ਸਮੱਰਥਨ ਕਰਦੇ ਹਨ। ਕਈ ਵਿਦਵਾਨ ਇਹ ਵਿਚਾਰ ਰਖਦੇ ਹਨ ਕਿ ਸ਼ਰ੍ਹਾ ਉਤੇ ਉਟੰਕਣ ਕਰਨ ਵਾਲੇ ਕਾਫ਼ਰ ਨੂੰ ਕਿਸੇ ਪ੍ਰਕਾਰ ਦਾ ਕੋਈ ਉਤਰ ਨਹੀਂ ਦੇਣਾ ਚਾਹੀਦਾ, ਕਿਉਂਕਿ ਉਸ ਨਾਲ ਪ੍ਰਾਪੇਗੰਡੇ ਵਿਚ ਵਾਧਾ ਹੁੰਦਾ ਹੈ ਅਤੇ ਵਿਰੋਧੀ ਵਿਚਾਰਾਂ ਵਾਲੇ ਮਨੁਖ ਦਾ ਮੰਤਵ ਕੁਝ ਹੱਦ ਤਕ ਪੂਰਾ ਹੋ ਜਾਂਦਾ ਹੈ, ਪਰ ਅਜਿਹੀ ਵੀਚਾਰ-ਧਾਰਾ ਨਾਲ ਅਸੰਮਤੀ ਰਖਣ ਵਾਲੇ ਵੀਚਾਰਸ਼ੀਲ ਪੁਰਸ਼ਾਂ ਦੀ ਇਹ ਰਾਇ ਹੁੰਦੀ ਹੈ ਕਿ ਹਰ ਸ਼ੰਕੇ ਜਾਂ ਉਟੰਕਣ ਦਾ ਮੂੰਹ-ਤੋੜ ਉਤਰ ਦੇਣਾ ਚਾਹੀਦਾ ਹੈ ਤਾਂ ਜੁ ਲੋਕਾਂ ਦੇ ਸਾਹਮਣੇ ਅਸਲੀਅਤ ਨਿਖਰ ਕੇ ਆਵੇ, ਝੂਠ ਦਾ ਭਾਂਡਾ ਭਜੇ, ਤੇ ਧਰਮੀ ਪੁਰਸ਼ਾਂ ਦੇ ਬਣੇ ਹੋਏ ਵਿਸ਼ਵਾਸ ਨੂੰ ਠੇਸ ਨਾ ਲਗੇ, ਸਗੋਂ ਓਹ ਇਕ ਪਥਰੀਲੀ ਚਟਾਨ ਵਾਂਗ ਪਕਾ ਰਹੇ। ਕਿਸੇ ਬੂਟੇ ਦੇ ਲਗਣ ਵਿਚ ਚੋਖਾ ਸਮਾਂ ਲਗਦਾ ਹੈ, ਪਰ ਪੁਟਣ ਲਗਿਆਂ ਇਕ ਮਿੰਟ ਵੀ ਨਹੀਂ ਲਗਦਾ। ਇਸੇ ਤਰ੍ਹਾਂ ਧਰਮ ਵਿਚ ਸ਼ਰਧਾ ਪੈਦਾ ਕਰਨ ਲਈ ਜਿਤਨਾ ਸਮਾਂ ਲਗਦਾ ਹੈ, ਉਸ ਤੋਂ ਦੁਗਣਾ ਸਮਾਂ ਉਸ ਨੂੰ ਪਕਿਆਂ ਕਰਨ ਲਈ ਸੰਗਤੀ ਜੀਵਨ ਵਿਚ ਲਾਉਣਾ ਪੈਂਦਾ ਹੈ।

"ਦਸਮ ਗ੍ਰੰਥ ਨਿਰਣੈ" ਦੇ ਲੇਖਕ ਨੇ ਆਪਣੇ ਵਲੋਂ ਕੁਝ ਨਿਰਣੇ, ਜੋ ਉਨ੍ਹਾਂ ਦੀ ਪੁਸਤਕ ਵਿਚ ਦਰਜ ਹਨ, ਖਾਲਸਾ ਪੰਥ ਦੀ ਨਿਗਰ ਸੇਵਾ ਸਮਝ ਕੇ ਕੀਤੇ ਹੋਣਗੇ, ਪਰ ਜੇ ਉਹ ਇਕ ਗੁਰਸਿਖ ਵਾਂਗ ਉਨ੍ਹਾਂ ਨਿਰਣਿਆਂ ਵਿਚ ਵਰਤੀ ਹੋਈ ਬੋਲੀ ਵਾਚ ਲੈਂਦੇ ਤਾਂ ਉਨ੍ਹਾਂ ਨੂੰ ਅੰਤਰ-ਆਤਮੇ ਚੋਂ ਆਵਾਜ਼



www.AKJ.Org

ਆਉਂਦੀ, "ਗਿਆਨੀ ਜੀ ! ਤੁਸਾਂ ਦਸਮ ਗ੍ਰੰਥ ਬਾਰੇ ਨਿਰਣੈ ਦਾ ਤੱਤ ਸਰੂਪ ਪ੍ਰਗਟ ਨਹੀਂ ਕੀਤਾ, ਸਗੋਂ ਨਿਰੋਲ ਨਿੰਦਾ ਕੀਤੀ ਹੈ।" ਪਰ ਏਦਾਂ ਦਾ ਹਲੂਣਾ ਵੀ ਓਦੋਂ ਹੀ ਆਉਂਦਾ ਹੈ ਜਦੋਂ ਹਿਰਦੇ ਦੀ ਪਵਿਤ੍ਰਤਾਈ ਹੁੰਦੀ ਹੈ। ਵਿਗਿਆਨੀਆਂ ਦੇ ਇਹ ਵੀਚਾਰ ਹਨ ਕਿ ਮਨੁਖੀ ਮਨ ਅਤੇ ਸਰੀਰ ਦਾ ਪ੍ਰਸਪਰ ਗੂੜ੍ਹਾ ਸਬੰਧ ਹੈ। ਮਨ ਸਾਡੇ ਸਰੀਰ ਨਾਲੋਂ ਕੋਈ ਵਖਰੀ ਹਸਤੀ ਨਹੀਂ, ਸਗੋਂ ਸਾਡੇ ਸੰਸਕਾਰਾਂ, ਅਥਵਾ ਆਲੇ ਦੁਆਲੇ ਤੋਂ ਉਪਜੇ ਖਿਆਲਾਂ ਤੇ ਪ੍ਰਤਿਕਰਮਾਂ ਦਾ ਸੰਗ੍ਰਹਿ ਹੈ। ਇਸ ਦੀਆਂ ਤਿੰਨ ਤਹਿਆਂ ਹਨ :—

(੧) ਸੁਚੇਤ ਮਨ—ਓਹ ਜਜ਼ਬੇ ਜਾਂ ਖ਼ਿਆਲ ਜੋ ਸਾਡੀ ਸਮਝ, ਬੁਧੀ ਅਨੁਸਾਰ ਹੋਣ।

(੨) ਉਪ-ਸੁਚੇਤ ਮਨ—ਓਹ ਖ਼ਿਆਲ ਜਿਹੜੇ ਸਾਡੇ ਚਿਤ ਚੋਂ ਵਿਸਰ ਜਾਣ, ਪਰ ਕੋਸ਼ਿਸ਼ ਕੀਤਿਆਂ ਯਾਦ ਆ ਜਾਣ।

(੩) ਅਚੇਤ ਮਨ—ਓਹ ਸਾਰੇ ਖ਼ਿਆਲ ਤੇ ਜਜ਼ਬੇ ਜੋ ਵਰ੍ਹਿਆਂ ਬਧੀ ਦਬੇ ਪਏ ਰਹਿੰਦੇ ਹਨ। ਇਹ ਖਿਆਲ ਦੁਖਦਾਈ ਜਾਂ ਹਾਨੀਕਾਰਕ ਹੋਣ ਕਾਰਨ ਸਾਡੀ ਦਿਲੀ ਸ਼ਕਤੀ (will power) ਨਾਲ ਦਬੇ ਰਹਿੰਦੇ ਹਨ, ਪਰ ਇਹ ਘੁਟੇ ਦਬੇ ਹੋਏ ਖ਼ਿਆਲ ਮਰਦੇ ਨਹੀਂ, ਸਗੋਂ ਕਈ ਵਾਰ ਸਾਡੀ ਯਾਦ ਦੇ ਸਾਮ੍ਹਣੇ ਰੂਪਮਾਨ ਹੋਣ ਦੀ ਕੋਸ਼ਿਸ਼ ਕਰਦੇ ਰਹਿੰਦੇਹਨ।

ਜਿਵੇਂ ਸੁਚੇਤ ਮਨ ਦਾ ਮਨੁੱਖੀ ਸਰੀਰ ਉਤੇ ਪ੍ਰਭਾਵ ਹੁੰਦਾ ਰਹਿੰਦਾ ਹੈ ਤਿਵੇਂ ਅਚੇਤ ਮਨ ਦਾ ਅਸਰ ਮਨੁਖ ਦੀ ਮਰਜ਼ੀ ਅਤੇ ਹੋਸ਼ ਹਵਾਸ ਤੋਂ ਓਹਲੇ ਸਭ ਸਰੀਰਕ ਅੰਗਾਂ ਤੇ ਹੁੰਦਾ ਹੈ। ਪਰ ਸਭ ਤੋਂ ਖ਼ਤਰਨਾਕ ਪ੍ਰਭਾਵ ਅਚੇਤ ਮਨ ਦੇ ਖ਼ਿਆਲਾਂ ਦਾ ਹੁੰਦਾ ਹੈ। ਸਰੀਰ ਉਤੇ ਅਚੇਤ ਮਨ ਦੇ ਅਸਰ ਦੀ ਖ਼ਬਰ ਮਨੁਖ ਨੂੰ ਆਪ ਵੀ ਨਹੀਂ ਹੁੰਦੀ। ਇਹੋ ਹਾਲਤ ਗਿਆਨੀ ਭਾਗ ਸਿੰਘ ਦੀ ਹੈ। ਆਪ ਦੇ ਅਚੇਤ ਮਨ ਵਿਚ ਦਸਮ ਗ੍ਰੰਥ ਦੀ ਵਿਰੋਧਤਾ ਦੇ ਖਿਆਲ ਕਈ ਵਰ੍ਹਿਆਂ ਤੋਂ ਦਬੇ ਪਏ ਸਨ, ਉਨ੍ਹਾਂ ਦਾ ਉਭਰ ਕੇ ਬਾਹਰ ਆਉਣਾ ਕੁਦਰਤੀ ਗੱਲ ਸੀ। ਇਸ ਵਿਚ ਕਿਸ ਦਾ ਕਸੂਰ ਹੈ, ਪਾਠਕ ਆਪ ਹੀ ਨਿਰਣਾ ਕਰ ਲੈਣ, ਕਿਉਂਕਿ ਗੁਰਬਾਣੀ ਦੇ ਪਵਿਤਰ ਵਾਕ ਹਨ—

੧) ਜੋ ਜੀਇ ਹੋਇ ਸੁ ਉਗਵੈ,
ਮੁਹ ਕਾ ਕਹਿਆ ਵਾਉ ॥ (ਪੰਨਾ ੪੭੪)
੨) ਅੰਦਰਿ ਹੋਇ ਸੁ ਨਿਕਲੈ,
ਨਹ ਛਪੈ ਛਪਾਇਆ ॥ (ਪੰਨਾ ੧੨੪੩)

ਦੁਖ ਦੀ ਗੱਲ ਇਹ ਹੈ ਕਿ ਜਿਨ੍ਹਾਂ ਸ਼ੰਕਿਆਂ ਬਾਰੇ ਪੰਥਕ ਪੱਧਰ ਤੇ ਪਹਿਲਾਂ ਹੀ ਨਿਰਣੇ ਹੋ ਚੁਕੇ ਹਨ, ਉਨ੍ਹਾਂ ਨੂੰ ਮਿਥਿਆਵਾਦ ਦਾ ਰੂਪ ਦੇ ਕੇ ਨਵੇਂ ਸਿਰਿਓਂ ਸੁਰਜੀਤ ਕਰਨਾ ਅਤੇ ਅਜਿਹੀ ਸ਼ਬਦਾਵਲੀ ਵਰਤਣੀ, ਜਿਸ ਨਾਲ ਸਿਖ ਸ਼ਰਧਾਲੂਆਂ ਦੇ ਹਿਰਦੇ ਛਲਣੀ ਹੁੰਦੇ ਹੋਣ, ਅਸਿੱਧੇ (indirectly) ਰੂਪ ਵਿਚ ਗੁਰੂ-ਬਾਣੀ ਦੀ ਨਿਰਾਦਰੀ ਹੁੰਦੀ ਹੋਵੇ, ਹਤਕ ਭਰਿਆ ਨਿੰਦਤ ਕਰਮ ਹੈ, ਜਿਸਦੇ ਫਲ ਸਰੂਪ ਗੁਰਮਤਿ ਬਿਬੇਕੀ ਸਿੰਘਾਂ ਸਿੰਘਣੀਆਂ ਦੇ ਮੂੰਹੋਂ 'ਦਸਮ ਗ੍ਰੰਥ ਨਿਰਣੈ' ਦੇ ਲੇਖਕ ਵਿਰੁਧ ਗੱਲਾਂ ਤੇ ਗੁਸੇ ਗਿਲੇ ਨਿਕਲਣੇ ਅਵੱਸ਼ਕ ਸਨ।

ਹੁਣ ਗੁਰਮਤਿ ਹਿਤੈਸ਼ੀ ਵੀਰ ਜ਼ਰਾ 'ਦਸਮ ਗ੍ਰੰਥ ਨਿਰਣੈ' ਵਿਚ ਵਰਤੀ ਹੋਈ ਘਟੀਆ। ਸ਼ਬਦਾ-ਵਲੀ ਅਤੇ ਕੀਤੇ ਨਿਰਣੇ, ਜਿਨ੍ਹਾਂ ਦਾ ਕੋਈ ਠੋਸ ਸਰੂਪ ਨਹੀਂ, ਗਹੁ ਨਾਲ ਵੇਖਣ। ਪਾਠਕਾਂ ਦੇ ਸ਼ੰਕਿਆਂ ਦੀ ਨਵਿਰਤੀ ਲਈ ਪ੍ਰਮਾਣੀਕ ਢੰਗ ਨਾਲ ਵੰਨਗੀ ਮਾਤਰ ਕੁਝ ਗੁਰਮਤਿ ਨਿਰਣੇ ਵੀ ਕਰ ਦਿਤੇ ਹਨ। ਬਾਕੀ ਵਿਸਥਾਰ ਸਬੰਧਤ ਪ੍ਰਕਰਣਾਂ ਵਿਚ ਹੈ।

ਗਿਆਨੀ ਜੀ ਅਰਦਾਸ ਦੀ ਪਹਿਲੀ ਪਉੜੀ ਬਾਰੇ ਲਿਖਦੇ ਹਨ ਕਿ 'ਭਗਉਤੀ' ਦਾ ਅਰਥ ਅਕਾਲਪੁਰਖ ਤਾਂ ਉਕਾ ਹੀ ਨਹੀਂ ਹੋ ਸਕਦਾ, 'ਸ੍ਰੀ ਭਗਉਤੀ ਜੀ ਸਹਾਇ' ਸਿਰਲੇਖ ਇਕ ਸ਼ਾਕਤ ਕਵੀ ਨੇ ਆਪਣੇ ਇਸ਼ਟ ਭਗਉਤੀ (ਦੁਰਗਾ) ਤੋਂ ਸਹਾਇਤਾ ਮੰਗੀ ਹੈ। (ਦਸਮ ਗ੍ਰੰਥ ਨਿਰਣੈ, ਪੰਨਾ ੯੪)

ਗਿਆਨੀ ਜੀ ਨੂੰ ਸ਼ਾਇਦ ਪਤਾ ਨਾ ਹੋਵੇ ਕਿ 'ਵਾਰ ਸ੍ਰੀ ਭਗਉਤੀ ਜੀ' ਦੀ ਪਹਿਲੀ ਪਉੜੀ, ਜੋ ਸਿਖ ਜਗਤ ਵਿਚ ਅਰਦਾਸ ਦੇ ਨਾਂ ਕਰਕੇ ਪ੍ਰਸਿਧ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਜੀ ਰਚਨਾ ਹੈ। ਭਾਈ ਰਤਨ ਸਿੰਘ ਜੀ 'ਭੰਗੂ' ਸ਼ਹੀਦ ਨੇ ਸੰਮਤ ੧੮੯੮ ਵਿਚ 'ਪ੍ਰਚੀਨ ਪੰਥ ਪ੍ਰਕਾਸ਼' ਲਿਖਿਆ ਸੀ, ਉਸ ਵਿਚ ਇਹ ਅਖਰ ਮੌਜੂਦ ਹਨ :



www.AKJ.Org

'ਪ੍ਰਿਥਮ ਭਗੌਤੀ ਵਾਰ ਜੁ ਪਉੜੀ।
ਪੜ੍ਹ ਪ੍ਰਿਥਮੇ ਆਪ ਸਤਿਗੁਰ ਜੋੜੀ।
ਨੌਂ ਪਾਤਸ਼ਾਹੀਅਨ ਲਯੋ ਧਿਆਇ।
ਅਬ ਦਸਮਕ ਪਰ ਹੋਈ ਸਹਾਇ।
[ਪੰਨਾ ੭੩]

ਫਿਰ ਕੋਸ਼ ਵਿਚ 'ਭਗਉਤੀ' ਪਦ ਦੇ ਅਰਥ ਕਰਤਾ ਪੁਰਖ ਹਨ, ਪੰਥਕ ਵਿਦਵਾਨਾਂ ਦੀ ਵੀ ਪ੍ਰਚਲਤ ਅਰਥਾਂ ਨਾਲ ਪਰਸਪਰ ਸੰਮਤੀ ਹੈ। ਇਕ ਹੋਰ ਮਾਅਰਕੇ ਵਾਲੀ ਗੱਲ ਪਾਠਕਾਂ ਦੇ ਧਿਆਨ ਗੋਚਰਾ ਕਰਨੀ ਜ਼ਰੂਰੀ ਹੈ ਕਿ ਸਿਖ ਸਮਾਜ ਦੇ ਮਹਾਂਰਥੀ ਗਿ: ਭਾਗ ਸਿੰਘ ਜੀ ਉਂਜ ਤਾਂ ਪ੍ਰੋ: ਸਾਹਿਬ ਸਿੰਘ ਜੀ ਦੇ ਰਚਿਤ ਗੁਰਬਾਣੀ ਵਿਆਕਰਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿਚ ਦਿਤੇ ਗਏ ਅਰਥਾਂ ਨੂੰ ਅਥਾਰਟੀ ਮੰਨਦੇ ਹਨ ਅਤੇ ਕਥਾ ਦੇ ਦੌਰਾਨ ਆਮ ਤੌਰ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਕੀਤੇ ਹੋਏ ਨਿਰਣੇ ਹੀ ਸੰਗਤਾਂ ਦੀ ਭੇਟ ਕਰਦੇ ਹਨ, ਪਰ 'ਭਗਉਤੀ' ਵਾਲੇ ਅਰਥ ਜੋ ਪ੍ਰੋਫੈਸਰ ਜੀ ਨੇ 'ਅਕਾਲਪੁਰਖ' ਕੀਤੇ ਹਨ, ਉਸ ਬਾਰੇ ਆਪ ਨੇ ਕੋਈ ਜ਼ਿਕਰ ਨਹੀਂ ਕੀਤਾ। ਜਾਂ ਤਾਂ ਇਹ ਅਰਥ ਆਪ ਦੀ ਨਜ਼ਰੀਂ ਨਹੀਂ ਪਏ ਜਾਂ ਜਾਣ ਬੁਝ ਕੇ ਅਖੋਂ ਓਹਲੇ ਕਰ ਦਿਤੇ ਹਨ। ਇਸ ਨਿਰਣੇ ਦਾ ਸਰੂਪ ਉਨ੍ਹਾਂ ਦੀ ਆਤਮਾ ਹੀ ਜਾਣਦੀ ਹੈ ਕਿ ਕਿਵੇਂ ਹੈ।

ਭਗਉਤੀ ਪੱਦ ਦੀ ਥਾਂ ਜੇ "ਸਤਿਨਾਮ ਜੀ ਸਹਾਇ" ਆਦਿ ਪਦ ਆਪਣੇ ਕੋਲੋਂ ਵਰਤ ਕੇ ਅਰਦਾਸ ਦਾ ਕੰਮ ਸਾਰ ਲਿਆ ਜਾਏ ਤਾਂ ਇਸ ਤਰ੍ਹਾਂ ਦੀ ਉਲੰਘਣਾ ਕਾਵਿ-ਦੋਸ਼ ਦੀ ਪ੍ਰਤੀਕ ਹੈ। ਫਿਰ ਅਜਿਹੇ ਸ਼ਬਦਾਂ ਦੀ ਅਦਲਾ-ਬਦਲੀ ਵੇਖ ਕੇ ਕਿਹੜੇ ਸਿਖ ਪਾਸੋਂ ਇਹ ਗੱਲ ਗੁਝੀ ਰਹੇਗੀ ਕਿ 'ਦਸਮ ਗ੍ਰੰਥ ਨਿਰਣੇ' ਦੇ ਕਰਤਾ ਵੀ ਭਸੌੜ-ਸੱਭੀਆਂ ਦੇ ਢਹੇ ਚੜ੍ਹ ਕੇ ਭਰਮ ਗਿਆਨ ਦੇ ਜਾਲ ਵਿਚ ਫਸ ਗਏ ਜਾਪਦੇ ਹਨ, ਕਿਉਂਕਿ ਆਪ ਇਸ ਵੇਲੇ ਓਹੀ ਬੋਲੀ ਬੋਲ ਰਹੇ ਹਨ ਜੋ ਕਿਸੇ ਸਮੇਂ "ਪੰਚ ਖਾਲਸਾ ਦੀਵਾਨ" ਬੋਲਦਾ ਸੀ। ਜੇ ਗਿਆਨੀ ਜੀ ਪੰਡਿਤ ਕਰਤਾਰ ਸਿੰਘ ਦਾਖਾ ਦਾ ਰਚਿਤ ਟ੍ਰੈਕਟ 'ਭਗਉਤੀ ਮੰਡਨ' ਪੜ੍ਹ ਲੈਂਦੇ ਤਾਂ ਆਪ ਨੂੰ ਆਪ ਦੀ ਰੁਚੀ ਅਨੁਸਾਰ ਭਾਸ਼ਾ ਵਿਗਿਆਨ ਦੀਆਂ ਲੀਹਾਂ ਤੇ ਘੜਿਆ ਹੋਇਆ ਉਤਰ ਵੀ ਮਿਲ ਜਾਂਦਾ, ਕਿਉਂਕਿ ਪੰਡਿਤ ਜੀ ਨੇ ਪਦਾਂ ਦੀ ਨਿਰੁਕਤੀ ਕਰਕੇ ਨਿਰਣੇ ਕੀਤੇ ਹਨ। ਬਾਕੀ 'ਭਗਉਤੀ' ਪਦ ਦੇ ਅਰਥਾਂ ਦੀ ਪ੍ਰਮਾਣਿਕਤਾ ਬਾਰੇ ਖਾਲਸਾ ਪੰਥ ਦੇ ਵਿਦਵਾਨਾਂ ਤੇ ਨਾਮ ਅਭਿਆਸੀਆਂ ਵਲੋਂ ਕੀਤੇ ਨਿਰਣਿਆਂ ਨਾਲ ਪਾਠਕਾਂ ਦੀ ਪੂਰੀ ਤਸੱਲੀ ਹੈ। ਪਰੰਪਰਾ ਤੋਂ ਜੋ ਭਾਵਨਾ ਖਾਲਸੇ ਵਿਚ ਭਰੀ ਗਈ ਹੈ, ਓਹ ਉਸੇ ਤਰ੍ਹਾਂ ਸੁਰਜੀਤ ਹੈ, ਤੇ ਸਦਾ ਸਤਿ ਸਰੂਪ ਦੀ ਸੇਧ ਦਿਖਾਂ ਦੀ ਰਹੇਗੀ। ਸਭ ਤੋਂ ਵਧੇਰੇ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਗ਼ਲਤ ਪਤੇ ਤੇ ਪਾਈ ਚਿਠੀ ਕਦੇ ਪਹੁੰਚ ਸਕਦੀ ਹੈ? ਸਭ ਦਾ ਉਤਰ 'ਨਹੀਂ' ਹੋਵੇਗਾ। ਇਸੇ ਤਰ੍ਹਾਂ ਜੇ ਮੌਜੂਦਾ ਅਰਦਾਸ ਅਕਾਲ ਪੁਰਖ ਨੂੰ ਸੰਬੋਧਨ ਨਾ ਹੁੰਦੀ ਤਾਂ ਉਸ ਅਰਸ਼ੀ ਦਰਬਾਰ ਵਿਚ ਕਿਵੇਂ ਅਪੜਦੀ। ਇਸ ਅਰਦਾਸ ਦੇ ਆਸਰੇ ਕਿਤਨੇ ਸੂਰਮੇ ਸ਼ਹੀਦ ਹੋਏ ਤੇ ਕਿੰਨਿਆਂ ਨੂੰ ਇਸ ਦੀ ਬਦੌਲਤ ਅਰਸ਼ੀ ਤਾਕਤ ਮਿਲੀ।

ਅਸਲ ਵਿੱਚ ਅਕਾਲ ਪੁਰਖ ਦਾ ਕੋਈ ਨਿਸਚਿਤ ਸਰੂਪ ਨਹੀਂ, ਨਾ ਹੀ ਭਗਉਤੀ ਹੈ ਤੇ ਨਾ ਹੀ ਕੋਈ ਹੋਰ, ਕਿਉਂਕਿ ਦਿਸਦੀ ਅਤੇ ਅਣ-ਦਿਸਦੀ ਹਰੇਕ ਵਸਤੂ ਉਸ ਅਸੀਮ ਜੋਤਿ ਦਾ ਹੀ ਸਰੂਪ ਹੈ। ਅਕਲ ਜਿਥੇ ਆਪਣਾ ਅਨੁਮਾਨ ਲਾਉਂਦੀ ਹੈ ਉਥੇ ਇਹ ਵੀ ਪ੍ਰਵਾਨ ਕਰਦੀ ਹੈ ਕਿ ਜੇ ਸਾਨੂੰ ਅਕਾਲ ਪੁਰਖ ਦੀ ਪਛਾਣ ਹੀ ਨਹੀਂ ਤਾਂ ਅਸੀਂ ਫਿਰ ਅਰਦਾਸ ਕਿਸ ਅੱਗੇ ਕਰਦੇ ਹਾਂ? ਕਿਸ ਨੂੰ ਮੱਥਾ ਟੇਕਦੇ ਹਾਂ? ਜੇ ਗ਼ਲਤ ਸਰੂਪ ਅੱਗੇ ਇਹ ਕੁਝ ਕਰਦੇ ਹਾਂ ਤਾਂ ਨਿਸਚੇ ਹੀ ਸਾਡੀ ਘਾਲ ਬਿਰਥੀ ਜਾਵੇਗੀ ਅਤੇ ਅਕਾਲਪੁਰਖ ਤੱਕ ਅਰਦਾਸ ਨਹੀਂ ਪਹੁੰਚ ਸਕੇਗੀ। ਅਸੀਂ ਸੈਂਕੜੇ ਸਾਲਾਂ ਤੋਂ ਅਰਦਾਸ ਵਿੱਚ 'ਭਗਉਤੀ' (ਅਸੀਮ ਸ਼ਕਤੀ—'੧ ਓ) ਨੂੰ ਸਿਮਰ ਕੇ ਨਿਰੰਕਾਰੀ ਗੁਰੂ ਜੋਤਾਂ ਨੂੰ ਸਿਮਰਦੇ ਆਏ ਹਾਂ ਅਤੇ ਇਸੇ ਅਰਦਾਸ ਸਦਕੇ ਹਰ ਸਮੇਂ ਖਾਲਸਾ ਪੰਥ ਨੂੰ ਅਗਵਾਈ ਮਿਲਦੀ ਰਹੀ ਹੈ। ਬਹੁਤੇ ਪੁਰਾਣੇ ਇਤਿਹਾਸ ਨੂੰ ਛੱਡੋ, ਆਹ ਇਸੇ ਸਦੀ ਦਾ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ



www.AKJ.Org

ਦਾ ਸਾਕਾ, ਜੈਤੋ ਅਥਵਾ ਗੁਰੂ ਕੇ ਬਾਗ ਦੇ ਮੋਰਚੇ ਆਦਿ ਲੈ ਲਉ, ਇਨ੍ਹਾਂ ਵਿਚ ਇਹੀ ਪੁਰਾਤਨ ਅਰਦਾਸ ਹੀ ਹੁੰਦੀ ਰਹੀ ਅਤੇ ਪੰਥ ਨੂੰ ਜਿਤ ਪ੍ਰਾਪਤ ਹੁੰਦੀ ਰਹੀ। ਕੇਵਲ 'ਭਗਉਤੀ' ਅੱਖਰ ਨੂੰ ਹਿੰਦੂ ਧਰਮ ਦਾ ਪਦ ਸਮਝ ਕੇ ਇਸ ਦੇ ਪਿੱਛੇ ਪੈ ਕੇ ਵਾਦ-ਵਿਵਾਦ ਖੜਾ ਕਰਨਾ, ਕੋਈ ਸਿਆਣਪ ਵਾਲੀ ਗੱਲ ਨਹੀਂ। ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਂ ਵਲੋਂ ਹਿੰਦੂ ਮੁਸਲਮਾਨਾਂ ਅਤੇ ਹੋਰ ਧਰਮਾਂ ਦੇ ਕਈ ਸ਼ਬਦ ਵਰਤੇ ਗਏ ਹਨ ਅਤੇ ਉਨ੍ਹਾਂ ਸ਼ਬਦ-ਸਰੂਪਾਂ ਦਾ ਨਿਰੰਕਾਰ ਅਕਾਲਪੁਰਖ ਪ੍ਰਤੀ ਵੀ ਸੰਕੇਤ ਹੈ। ਫ਼ਿਰ ਅਸੀਂ ਉਨ੍ਹਾਂ ਤੇ ਸ਼ਕ ਕਿਉਂ ਨਹੀਂ ਕਰਦੇ ? ਇਸ ਲਈ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ! ਨਹੀਂ, ਨਹੀਂ, ਸਿੱਖ ਧਰਮ ਵਿਚ ਇਹ ਵਿਲੱਖਣਤਾ ਹੈ ਕਿ ਜਿਨ੍ਹਾਂ ਸ਼ਬਦਾਂ ਨੂੰ ਹਿੰਦੂ ਵੀਰ ਵਿਅਕਤੀਗਤ ਰੂਪ ਵਿਚ ਮੰਨਦੇ ਹਨ, ਉਨਾਂ ਨੂੰ ਸਿੱਖ ਧਰਮ ਵਿੱਚ ਵਿਆਪਕ ਰੂਪ ਵਿੱਚ ਗੁਰੂ ਸਾਹਿਬਾਂ ਨੇ ਅਕਾਲਪੁਰਖ ਲਈ ਵਰਤ ਕੇ ਸਾਡਾ ਧਿਆਨ ਇਕ ਵੱਲ ਜੋੜਿਆ ਹੈ। ਸੋ ਇਹ ਸਭ ਉਸੇ ਇਕੋ ਸ਼ਕਤੀ ਭਗਉਤੀ (ਅਕਾਲੀ ਜੋਤਿ) ਦੇ ਹੀ ਚਮਤਕਾਰ ਹਨ।

ਜੇ ਗਿਆਨੀ ਜੀ ਦੇ ਕਥਨ ਅਨੁਸਾਰ ਇਹ ਅਰਦਾਸ ਵਾਲੀ ਪਉੜੀ ਸ਼ਾਕਤ ਕਵੀ ਦੀ ਰਚਨਾ ਹੈ ਤਾਂ ਸ਼ਾਕਤ ਕਵੀ ਦੀ ਕਵਿਤਾ ਵਿਚ ਅਜਿਹੀ ਸ਼ਕਤੀ ਕਿਥੋਂ ਆ ਸਕਦੀ ਹੈ ? ਜੇ ਆਖੋ ਕਿ ਸ਼ਾਕਤ ਦੀ ਕਵਿਤਾ ਵਿਚ ਵੀ ਸ਼ਕਤੀ ਹੁੰਦੀ ਹੈ ਤਾਂ ਸੰਤ ਤੇ ਸ਼ਾਕਤ ਦੀ ਕਵਿਤਾ ਵਿਚ ਫ਼ਰਕ ਕੀ ਹੋਇਆ ? ਇਸ ਦਾ,ਵਿਰੋਧੀ ਲੇਖਕਾਂ ਪਾਸ ਕੋਈ ਉਤਰ ਨਹੀਂ। ਆਪ ਨੇ ਇਹੋ ਜਿਹੀਆਂ ਬੇਥਵੀਆਂ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਬਚਿਤ੍ਰ ਨਾਟਕ, ਚੌਪਈ ਪਾਤਸਾਹੀ ੧੦ (ਹਮਰੀ ਕਰੋ ਹਾਥ ਦੇ ਰਛਾ), ਅਤੇ ਗਿਆਨ ਪ੍ਰਬੋਧ ਆਦਿ ਰਚਨਾਵਾਂ ਬਾਰੇ ਮਾਰੀਆਂ ਹਨ।

ਜੇ ਚੌਪਈ ਦੀ ਸ਼ਕਤੀ ਬਾਰੇ ਵਰਨਣ ਕਰਨ ਲਗੀਏ ਤਾਂ ਇਕ ਵਖਰੀ ਪੁਸਤਕ ਬਣਦੀ ਹੈ। ਆਪਣੀ ਅਖੀਂ ਡਿਠੀ ਘਟਨਾ, ਜੋ ਚੰਡੀਗੜ੍ਹ ਵਿਚ ਵਾਪਰੀ; ਓਹ ਕਦੇ ਨਹੀਂ ਭੁਲ ਸਕਦੀ। ਇਥੇ ੧੯ਵੀ ਸੈਕਟਰ ਮਿਲਟਰੀ ਵਿਚ ਇਕ ਮੇਜਰ ਸਾਹਿਬ ਦ ਲੜਕੀ ਜੋ ਦਸਵੀਂ ਜਮਾਤ ਵਿਚ ਪੜ੍ਹਦੀ ਸੀ, ਓਹ ਬੋਲਣੋਂ ਰਹਿ ਗਈ। ਭਾ: ਸਾ: ਸ਼ੇਰ ਸਿੰਘ ਜੀ, ਗੁਰੂ ਸਰ ਸੁਧਾਰ ਵਾਲੇ, ਗਿ: ਦਿਆਲ ਸਿੰਘ ਜੀ ਪਟਿਆਲਾ, ਮੇਜਰ ਸੁਰਜਨ ਸਿੰਘ ਜੀ, ਸੂਬੇਦਾਰ ਅਜਾਇਬ ਸਿੰਘ ਜੀ, ਕੰਵਰ ਸ਼ਮਸ਼ੇਰ ਸਿੰਘ ਜੀ ਆਈ, ਜੀ. ਪੋਲੀਸ [ਪੰਜਾਬ] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਮੌਜੂਦ ਸਨ। ਉਸ ਬੀਬੀ ਨੂੰ ਸੰਗਤ ਵਿਚ ਪੇਸ਼ ਕੀਤਾ ਗਿਆ। ਤਾਬਿਆ ਵਿਚ ਬੈਠੇ ਗਿ: ਦਿਆਲ ਸਿੰਘ ਜੀ ਨੇ ਬੀਬੀ ਨੂੰ ਆਖਿਆ ਕਿ ਉਹ ੪੦ ਦਿਨ ਅੰਮ੍ਰਿਤ ਵੇਲੇ ਖੰਡਾ ਬਾਟਾ ਲੈ ਕੇ ਜਲ ਪਾ ਕੇ ਹਰ ਰੋਜ਼ ਚੌਪਈ ਦਾ ਪਾਠ ਕਰਕੇ ਜਲ ਛਕਿਆ ਕਰੇ, ਗੁਰੂ ਦੀ ਕਿਰਪਾ ਨਾਲ ਠੀਕ ਹੋ ਜਾਵੇਗੀ। ਬੀਬੀ ਨੇ ਉਸੇ ਤਰ੍ਹਾਂ ਕੀਤਾ। ਬਿਲਕੁਲ ਠੀਕ ਹੋ ਗਈ। ਇਹ ਚੌਪਈ ਦੀ ਜ਼ਾਹਿਰਾ ਕਲਾ ਸੀ। ਸ਼ਾਕਤ-ਮਤੀਆਂ ਦੀ ਕਵਿਤਾ ਵਿਚ ਇਹੋ ਜਿਹੀ ਕਲਾ ਕਿਥੋਂ ਆਈ ? ਸੋ ਇਹ ਸਭ ਭਰਮ ਗਿਆਨੀਆਂ ਦੀਆਂ ਗੱਲਾਂ ਹਨ। ਬਿਨਾ ਕਮਾਈ ਤੋਂ ਫੋਕਾ ਗਿਆਨ ਕੋਡੀ ਦੇ ਮੁੱਲ ਦਾ ਨਹੀਂ ਹੁੰਦਾ। ਬਾਕੀ ਨਿਰਣਿਆਂ ਦਾ ਵੀ ਇਹੋ ਜਿਹਾ ਹਾਲ ਹੈ। ਪਾਠਕ ਜਨ ਸਬੰਧਤ ਪਰਕਰਣਾਂ ਵਿਚ ਵਿਸਥਾਰ ਸਹਿਤ ਪੜ੍ਹ ਸਕਦੇ ਹਨ।

ਕਵਿਤਾ ਵਿਚ ਵਰਤੇ ਹੋਏ ਪਦ ਨਿਰੇ ਕੋਸ਼ਾਂ ਤੇ ਅਧਾਰਤ ਨਹੀਂ ਹੁੰਦੇ। ਕਵਿਤਾ ਵਿਚ ਵਰਤੀ ਹੋਈ ਬੋਲੀ ਦੇ ਸਹੀ ਭਾਵਾਂ ਨੂੰ ਕਰਤਾ ਹੀ ਜਾਣਦਾ ਹੁੰਦਾ ਹੈ। ਬਾਕੀ ਗਿਆਨੀ ਜਾਂ ਪ੍ਰੋਫ਼ੈਸਰ ਆਦਿ ਕੋਸ਼ਾਂ ਦੀ ਸਹਾਇਤਾ ਨਾਲ ਜਾਂ ਨਿਜੀ ਅਨੁਮਾਨ ਲਾ ਕੇ ਉਸ ਦੀ ਵਿਆਖਿਆ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਸ਼ਬਦਾਵਲੀ ਦੇ ਨਿਰਮਾਤਾ ਸਨ, ਇਸ ਲਈ ਅਲੱਪਗ ਜੀਵ ਆਪ ਜੀ ਦੀ ਅਨੂਪਮ ਸਬਦਾਵਲੀ ਨੂੰ ਸਮਝਣ ਤੋਂ ਅਸਮ੍ਰਥ ਹਨ। ਕੇਵਲ ਸਤਿਗੁਰੂ ਜੀ ਪੂਰੇ ਸੂਰੇ ਹਨ ਅਤੇ ਆਪਣੀ ਕਾਵਿ-ਕਲਾ ਨੂੰ ਆਪ ਹੀ ਸੁਝਾਅ-ਬੁਝਾਅ ਸਕਦੇ ਹਨ।



www.AKJ.Org

# ਸੰਤ ਗੁਰੂ—ਗੁਰੂ ਨਾਨਕ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥

[ਸੂਹੀ ਮ: ੪ ਅਸਟ:, ਪੰਨਾ ੭੫੯

ਮਤ ਜਾਣਹੁ ਸਤਿਗੁਰ ਨਾਨਕ ਦੇਵ ਗੈਰ-ਹਾਜ਼ਰ ਹੈ, ਓਹ ਸਦਾ ਸਦਾ ਹਾਜ਼ਰ ਨਾਜ਼ਰ ਹੈ। ਸਾਰਿਆਂ ਅੰਦਰਿ, ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਓਹ ਕਦੇ ਵੀ ਨਾਸਵੰਤ ਨਹੀਂ ਹੈ, ਨਾ ਦਿੱਬ ਜੋਤਿ ਕ੍ਰਾਂਤ ਕਰਕੇ, ਨਾ ਹੀ ਜੋਤਿ ਤੱਤ ਮਤਾਂਤ ਕਰਕੇ। ਕਦੇ ਵੀ ਨਾਸਵੰਤ ਨਹੀਂ ਹੋਇਆ; ਸਦਾ ਅਬਿਨਾਸ਼ੀ ਹੈ। ਮਨ ਭਾਵਨੀ ਤੇ ਜਦ ਚਾਹੋ, ਪ੍ਰਗਟ ਹੋਇ ਆਵੰਦਾ ਹੈ। ਸਤਿਗੁਰ ਨਾਨਕ ਦੇਵ ਦੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ, ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ ਸਦੀਵ ਅਨਿੰਨ ਗੁਰਸਿਖਾਂ ਦੇ ਹਿਰਦੇ ਅੰਦਰ ਬਿਰਾਜਮਾਨ ਹਨ। ਸ਼ਰਧਾਵਾਨ ਅਭਲਾਖੀਆਂ ਨੂੰ ਦਰਸ਼ਨ ਓਸੇ ਸਰੂਪ ਵਿਖੇ ਆਣਿ ਦੇਵੰਦੇ ਹਨ, ਜਿਸ ਸਰੂਪ ਵਿਖੇ ਓਹ ਆਪਣੀ ਦਿੱਬ ਦੇਹੀ ਦੇ ਹੁੰਦਿਆਂ ਦਿੰਦੇ ਸਨ।

ਗੁਰੂ ਨਾਨਕ ਹੀ ਗੁਰੂ ਪੂਰਾ ਹੈ। ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ, ਨਾ ਕਦੇ ਹੋਵੇਗਾ। ਮੁੱਢ ਕਦੀਮ ਤੋਂ ਸਦ ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ, ਓਤਿ ਪੋਤਿ ਇਕੋ ਗੁਰੂ-ਸਰੂਪ-ਮਈ ਸੱਚੇ ਸੰਤ ਹਨ। **ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ।** ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਜੀ ਇਉਂ ਕਿਉਂ ਉਚਾਰਨ ਕਰਦੇ ਕਿ—

ਥੰਮੇ ਕੋਇ ਨ ਸਾਧ ਬਿਨੁ
ਸਾਧੁ ਨ ਦਿਸੈ ਜਗ ਵਿਚਿ ਕੋਆ ॥੨੨॥੧॥

ਗੁਰੂ ਨਾਨਕ ਸਾਹਿਬ ਹੀ ਸੱਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ, ਜਿਸ ਪ੍ਰਕਾਰ ਦੁਨਿਆਵੀ ਮੰਡਲਾਂ ਵਿਖੇ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਸਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸੱਚਾ ਨਿਸਤਾਰਾ, ਕਲਿਆਣ-ਮਈ ਸੱਚਾ ਉਧਾਰਾ ਸਾਰੇ ਬ੍ਰਹਿਮੰਡਾਂ ਦੇ ਪ੍ਰਾਣੀਆਂ ਦਾ ਕੇਵਲ ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ ਅਤੇ ਹੁੰਦਾ ਰਹਿਆ ਹੈ। ਅੱਜ ਕਲ੍ਹ ਤਾਂ ਹਰੇਕ ਡਿੰਭੀ ਡਿੰਭਧਾਰੀ ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂਵਾਕ ਪੰਕਤੀ ਤੋਂ ਇਹ ਸਿੱਧ ਹੋਇਆ ਕਿ ਸਾਰੇ ਜਗਤ ਨੂੰ ਥੰਮ੍ਹਣਹਾਰਾ, ਸੱਚਾ ਪ੍ਰਮਾਰਥ ਬਖਸ਼ ਕੇ ਨਿਸਤਾਰਣਹਾਰਾ, ਸੱਚੇ ਗੁਰਮਤਿ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਣਹਾਰ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। ਜਗਤ ਗੁਰੂ ਨਾਨਕ-ਮਈ ਸੱਚੇ ਗੁਰੂ ਸਾਧ ਬਿਹੂਣ ਜਗਤ ਨੂੰ ਥਮ੍ਹਣਹਾਰਾ, ਥੰਮ੍ਹ ਕੇ ਅਗੰਮੀ ਗੁਰਮਤਿ ਮਾਰਗਾ ਦਸਣਹਾਰਾ, ਆਦਿ ਅੰਤਿ ਨਾ ਕੋਈ ਹੋਇਆ ਨ ਹੋਵੇਗਾ। ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਧਰੀ ਸਾਰੇ ਜਗਤ ਨੂੰ ਨਿਸਤਾਰਨਹਾਰਾ ਸੱਚਾ ਸਤਿਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ, ਇਸ ਮਾਤ ਲੋਕ ਮਈ ਜਗਤ ਨੂੰ ਕੀ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰਨਹਾਰਾ ਹੋਇਆ ਤਾਂ ਸੱਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ।



www.AKJ.Org

ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧ ਪੁਣਾ ਪ੍ਰਗਟਾਇਆ। ਦਸਵੇਂ ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ ਦਰਸੀ ਸਤਿਗੁਰੂ ਨੇ ਇਹ ਵਿਚਾਰ ਕੇ ਕਿ ਗੁਰੂ ਨਾਨਕ ਰੂਪੀ ਸੱਚੇ ਸਾਧ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾਰਨਹਾਰਾ ਥੰਮ੍ਹਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ—

ਘਰਿ ਘਰਿ ਹੋਇ ਬਹੈਂਗੇ ਰਾਮਾ॥
ਤਿਨ ਤੇ ਸਰੇ ਨ ਕੋਊ ਕਾਮਾ॥

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇ ਖੁੰਬਾਂ ਵਾਂਗੂ ਉਗਵ ਖਲੋਣਗੇ, ਪਰੰਤੂ ਜਗਤ-ਨਿਸਤਾਰੇ ਦਾ ਉਨ੍ਹਾਂ ਤੋਂ ਕੋਈ ਕੰਮ ਨਹੀਂ ਸਰੇਗਾ, ਜਗਤ ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ ਨਿਸਤਾਰਾ ਭੀ ਨਹੀਂ ਕਰ ਸਕਣਗੇ, ਇਸ ਕਰਕੇ ਆਪਣੀ ਪਰਮ ਅੰਤਰਜਾਮਤਾ ਮਈ ਗੁਰ ਸਮਰੱਥਤਾ ਵਾਲੀ ਸ਼ਕਤੀ ਦੁਆਰਾ ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਕ ਪੀੜ੍ਹੀ ਏਥੇ ਹੀ ਮੁਕਾ ਦਿਤੀ। ਅਤੇ ਇਹ ਅਲੌਕਿਕ ਕਲਾ ਵਰਤਾ ਦਿਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਸਾਧ ਜਾਮਿਆਂ ਪਿਛੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ। ਗੁਰੂ ਘਰ ਵਿਖੇ ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿਖਾਂ ਦੇ ਪੁੰਜਾਂ ਦੇ ਪੁੰਜ ਤਾਂ ਹੋਣਗੇ, ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿਖ,ਗੁਰ ਨਿਸਤਾਰਿਆ ਸਿਖ''ਗੁਰੂ''ਨਹੀਂ ਸਦਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ 'ਇਕ ਸਿਖ, ਦੁਇ ਸਾਧ ਸੰਗ, ਪੰਜੀਂ ਪਰਮੇਸ਼ਰ'* ਗੁਰੂ ਨਾਨਕ ਦਾ ਨਿਸਤਾਰਿਆ ਹੋਇਆ 'ਸਿਖ' ਸਿਖ ਹੀ ਰਹੇਗਾ, ਇਕ ਸਿਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ ਨਿਸਤਾਰੇ ਹੋਏ ਪੰਜਾਂ ਸਿਖਾਂ ਦੇ ਪੁੰਜ-ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਇਹ ਧੁਰਿ ਧੁਰੰਧਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸਚਾ ਧੁਰਵਾ ਬੰਨ੍ਹ ਦਿਤਾ। ਏਸ ਬਝੇ ਹੋਏ ਧੁਰਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭਧਾਰੀ ਗੁਰੂ, ਗੁਰੂ ਨਾਨਕ ਸਦਰਸ ਸਾਧ-ਗੁਰੂ ਹੋਣ ਦੀ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰੱਤਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾਂ ਜੁਗਾਂ ਵਿਖੇ ਤਾਂ ਟਾਵੀਂ ਟਾਵੀਂ ਗੁਰੱਤਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ, ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂ ਵਾਕ ਹੈ—

ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥੧॥

ਭਾਵ, ਮੁਖੀ ਗੁਰੂ, ਸਭ ਤੋਂ ਸਰੇਸ਼ਟ ਗੁਰੂ, ਸੱਚਾ ਸਤਿਗੁਰੂ, ਸੱਚੀ ਥੰਮ੍ਹਣਹਾਰ ਨਿਸਤਾਰਨਹਾਰ ਸ਼ਕਤੀ ਵਾਲਾ ਸਾਧ ਗੁਰੂ, ਗੁਰੂ ਨਾਨਕ ਸਾਹਿਬ ਪ੍ਰਗਟ ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨ-ਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸੱਚੇ ਸਾਧ ਗੁਰੂ ਸਦਰਸ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਸਚ ਮੁਚ ਮੁਖੀ ਗੁਰੂ, ਵਾਹਿਗੁਰੂ ਸਮਾਨ ਹੀ, ਵਾਹਿਗੁਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ ਸਾਧੜੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ, ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ, ਇਨ੍ਹਾਂ ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ--

ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ॥

*ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯



www.AKJ.Org

ਸੂਰ ਸੁਰਾਰਦਨ ਸੁਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ ॥੧॥

ਏਸ ਦਾ ਭਾਵ ਹੀ ਸਮੁੱਚੇ ਤੌਰ ਤੇ ਆਪੋ ਆਪਣੇ ਮਨ ਦੇ ਮਤੇ ਅਨੁਸ਼ਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਨ ਕਰਦਾ ਹੈ । ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰਿਕਾਲ-ਦਰਸਤਾ ਸੰਪੰਨ ਅੰਤਰਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸ਼ੁੱਧ ਪਵਿਤ੍ਰਤਾ ਵਾਲੀ ਕਿਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਆਨਮਤੀ ਭੇਖਧਾਰੀ ਸਿੱਧ ਜੋਗੀ ਜਤੀ ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ ਨਰ, ਮੁਨ ਜਨ ਅਨੇਕਾਂ ਆਨਮਤੀ ਸੰਤਾਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ ਸਾਰੇ ਹੀ ਕਾਇਨਾਤ ਦੇਸ਼ ਦੇ ਆਨਮਤੀ ਮਤ-ਮਤਾਂਤਰਾਂ ਵਾਲੇ ਖ਼ੁਦ ਸਾਖ਼ਤਾ (ਆਪੋਂ ਬਣੇ ਬੈਠੇ) ਸਾਧ ਸੰਤ ਕਹਾਉਂਦੇ ਹਨ, ਏਹਨਾਂ ਵਿਚੋਂ ਕਿਸੇ ਨੇ ਵੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣ-ਪਤੀ ਦੇ ਦਰਸ਼ਨ ਨਹੀਂ ਦੇਖੇ । ਇਹ ਵਾਹਿਗੁਰੂ ਪ੍ਰਾਣ-ਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰ ਨਾਨਕ ਸਾਰਖੇ ਸਾਧ-ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ । ਏਸ ਖਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਦੀ ਇਕੋ ਸ਼ੱਚੀ ਪ੍ਰੀਤੀ ਬਿਨਾਂ (ਸੱਚੇ ਪ੍ਰੇਮ ਬਿਨਾਂ) ਉਪਰ ਦਸੇ ਹੋਏ ਅਨੇਕਾਂ ਮਤ-ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ । ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ-ਸਿੱਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਦੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ-ਸਾਧ ਕਹਾਉਂਦੇ ਹਨ । ਇਸ ਬਿਧਿ ਗੁਰੂ ਨਾਨਕ ਰੂਪੀ ਅਜ਼ਲੋਂ ਅਮਰੋਂ ਪਠਾਏ ਸੱਚੇ-ਸਾਧ ਗੁਰੂ ਦੀ ਰੀਸ ਕਰ ਕੇ ਆਪਣਾ ਲੋਕ ਪਰਲੋਕ ਵਿਗਾੜ ਬੈਠਦੇ ਹਨ ।

ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ । ਇਹ ਗੱਲ ਗੁਰਸਿਖਾਂ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ ।

[ਪੁਸਤਕ "ਗੁਰਮਤਿ ਪ੍ਰਕਾਸ਼" ਵਿਚੋਂ

## "ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥"

[ਵਲੋਂ—ਭਾਈ ਭਜਨ ਸਿੰਘ ਜੀ ਭਿੰਡਰ]

ਰਾਮਦਾਸ ਦੇ ਸਰੋਵਰ ਨ੍ਹਾਈਏ, ਪਾਪ ਸਾਰੇ ਨਾਸ ਹੋਣਗੇ ।
ਹਰੀਮੰਦਰ ਦੇ ਦਰਸ਼ਨ ਪਾਈਏ, ਕੰਮ ਸਾਰੇ ਰਾਸ ਹੋਣਗੇ ।
ਸੋਢੀ ਸਤਿਗੁਰੂ ਸੋਹਣੇ ਨੇ, ਸੋਹਣਾ ਸ਼ਹਿਰ ਵਸਾਇਆ ।
ਅੰਮ੍ਰਿਤਸਰ ਹੈ ਸਰ ਬਾਣੀ ਦਾ, ਸੀ ਸਤਿਗੁਰਾਂ ਫੁਰਮਾਇਆ ।
ਜੇ ਬਾਣੀ ਪੜ੍ਹੀਏ ਸਤਿਗੁਰ ਦੀ ਤਾਂ, ਸਫਲੇ ਸਭੇ ਸਾਸ ਹੋਣਗੇ ।
ਰਾਮਦਾਸ ਦੇ ਸਰੋਵਰ ਨ੍ਹਾਈਏ, ਪਾਪ ਸਾਰੇ ਨਾਸ ਹੋਣਗੇ ।



www.AKJ.Org

# ਮੱਝੀਆਂ ਦਾ ਛੇੜੂ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

ਬਾਬੇ ਕਾਲੂ ਨੇ ਦਿਲ ਵਿਚ ਦਲੀਲ ਕਰ ਕੇ, ਇਕ ਦਿਨ ਸੱਦਿਆ ਨਾਲ ਪਿਆਰ ਨਾਨਕ।
ਮੱਥਾ ਚੁੰਮ ਬਿਠਾਇਆ ਗੋਦ ਅੰਦਰ, ਲਾਡਾਂ ਪਾਲਿਆ ਬਰਖ਼ੁਰਦਾਰ ਨਾਨਕ।
ਕਹਿੰਦਾ, ਪੁਤਰਾ, ਜੀਵੇਂ ਜਵਾਨ ਕਾਕਾ! ਵੱਡੀ ਉਮਰ ਹੋਵੀ, ਹੋਣਹਾਰ ਨਾਨਕ।
ਕੰਮ ਕਾਰ ਹੁਣ ਘਰ ਦਾ ਸੰਭਾਲ ਚੰਨਾ! ਕੁਝ ਤੇ ਹੋਏ ਹੌਲਾ ਮੇਰਾ ਭਾਰ ਨਾਨਕ।
ਘਾਹ ਲਿਆਣ ਵੇਲੇ ਪੱਠੇ ਪਾਣ ਵੇਲੇ, ਕਦੇ ਮੇਰਾ ਵੀ ਹਥ ਵਟਾਇਆ ਤੂੰ ਕਰ।
ਚੰਗੀ ਗੱਲ ਤੇ ਹੈ ਆਪ ਮਝੀਆਂ ਨੂੰ, ਬਾਹਰ ਛੇੜੂਆਂ ਨਾਲ ਲਿਜਾਇਆ ਤੂੰ ਕਰ।੧।

ਲੋ ਜੀ ਨਿਤ ਹੀ ਨਾਨਕ ਦਾ ਨੇਮ ਬਣਿਆ, ਰੱਸੇ ਖੋਲ੍ਹ ਕੇ ਬਾਹਰ ਲੈ ਜਾਏ ਮੱਝਾਂ।
ਖੂੰਡੀ ਹਥ ਵਿਚ ਮੋਢੇ ਤੇ ਖੇਸ ਧਰ ਕੇ, ਫਿਰੇ ਜੰਗਲਾਂ ਵਿਚ ਚਰਾਏ ਮੱਝਾਂ।
ਵਾਗੀ ਸਾਰੇ ਹੀ ਮੱਝਾਂ ਦੇ ਮਗਰ ਟੁਰਦੇ, ਇਹ ਤਾਂ ਟੁਰੇ ਅਗੇ ਪਗਰ ਲਾਏ ਮੱਝਾਂ।
ਜਿਧਰ ਟੁਰੇ ਮੱਝਾਂ ਮਗਰ ਮਗਰ ਦੌੜਨ, ਵਾਲੀ ਜਗ ਦਾ ਪਿਆ ਕੁਦਾਏ ਮੱਝਾਂ।
ਕੁੰਢੀਆਂ, ਕਾਲੀਆਂ, ਬੂਰੀਆਂ, ਬਰੜੀਆਂ ਸਭ ਜੇਹੀਆਂ ਪ੍ਰੇਮ ਦੀ ਤਾਰ ਵਿਚ ਬੱਝੀਆਂ ਨੇ।
ਨੱਚਣ ਪੁਤ ਿਆਂ ਵਾਂਗ ਇਸ਼ਾਰਿਆਂ ਤੇ, ਕੌਣ ਆਖ ਸਕਦੈ ਕਿ ਇਹ ਮੱਝੀਆਂ ਨੇ।੨।

ਕਾਈ ਹਥ ਚੱਟੇ, ਸੁੰਘੇ ਕਾਈ ਲੀੜੇ, ਸਿੰਗਾਂ ਨਾਲ ਛੋਹ ਕੇ ਲੰਘਦੀ ਜਾਏ ਕਾਈ।
ਬੂਥਾ ਚੁੱਕ ਕੇ ਲਾਡ ਪਿਆਰ ਮੰਗੇ, ਨੇੜੇ ਆ ਕੇ ਪੂਛ ਹਿਲਾਏ ਕਾਈ।
ਨਸਦੀ ਭਜਦੀ ਤੇ ਦਗੜ ਦਗੜ ਕਰਦੀ, ਕਿਸੇ ਪਾਸਿਓਂ ਆ ਟੱਕਰ ਲਾਏ ਕਾਈ।
ਵਿਛੜੀ ਰੂਹ ਕੋਈ ਜਨਮ ਜਨਮਾਂਤਰਾਂ ਦੀ, ਆ ਕੇ ਚਰਨਾਂ ਤੇ ਸੀਸ ਝੁਕਾਏ ਕਾਈ।
ਮੱਝਾਂ ਨਹੀਂ ਇਹ ਗਊਆਂ ਨੇ ਭਾਗ ਭਰੀਆਂ, ਨਾਨਕ ਨਹੀਂ ਏਹ 'ਕ੍ਰਿਸ਼ਨ' ਪਿਆ ਚਾਰਦਾ ਏ।
ਜਾਂ ਫਿਰ ਜਨਮ ਲੈ ਆਈਆਂ ਗੁਆਲਣਾਂ ਨੇ, 'ਮਿੱਤਰ' ਚਾਰਨ ਬਹਾਨੇ ਪਿਆ ਤਾਰਦਾ ਏ।੩।

ਮੱਝਾਂ ਖੇਤ ਵਿਚ ਚਰਦੀਆਂ ਛੋੜ ਕੇ ਤੇ, ਚੜ੍ਹਿਆ ਨੀਂਦ ਦਾ ਇਕ ਦਿਨ ਖ਼ੁਮਾਰ ਇਹਨੂੰ।
ਰਿਹਾ ਖੇਤ ਦੇ ਵਿਚ ਨ ਕੱਖ ਭਾਵੇਂ, ਕੱਖ ਨਹੀਂ ਸੀ ਪਰਵਾਹ ਸਰਕਾਰ ਇਹਨੂੰ।
ਜਾ ਕੇ ਜੱਟ ਨੇ ਦਾਦ ਫ਼ਰਿਆਦ ਕੀਤੀ, ਪੁਛਿਆ ਸਦ ਕੇ 'ਰਾਏ ਬੁਲਾਰ' ਇਹਨੂੰ।
ਅੱਖ-ਫੋਰ ਵਿਚ ਹਰੇ ਗੁਲਜ਼ਾਰ ਕੀਤੇ, ਜੱਟ ਕਰੇ ਬੰਦਨ ਵਾਰ ਵਾਰ ਇਹਨੂੰ।
ਮਹੀਆਂ ਚਾਰਦਾ ਚਾਰਦਾ ਆਣ ਵੇਖੋ, ਵਣ ਹੇਠ ਅਨੋਖੜਾ ਚਾਕ ਸੁੱਤਾ।
ਚਾਕ ਨਹੀਂ ਇਹ ਤ੍ਰਿਪਤਾਂ ਦਾ ਚਾਨਣਾ ਏ, 'ਨਾਨਕ' ਨਹੀ ਆ ਕੇ 'ਅੱਲਾ ਪਾਕ' ਸੁੱਤਾ।੪।

ਰੱਬੀ ਨੂਰ ਦੇ ਜਲਵੇ ਨੂੰ ਵੇਖ ਸੂਰਜ, ਮਨ ਹੀ ਮਨ ਦੇ ਵਿਚ ਸ਼ਰਮਾਣ ਲਗਾ।
ਧੱਕਾ ਮਾਰ ਪਰਛਾਵੇਂ ਨੂੰ ਪਰੇ ਕੀਤਾ, ਨੈਣ ਖੋਲ੍ਹ ਖੁਲ੍ਹੇ [1]ਦਰਸ਼ਨ ਪਾਣ ਲਗਾ।
ਸ਼ੇਸ਼ਨਾਗ ਨਾ ਵੇਖ ਕੇ ਸਹਿ ਸਕਿਆ, ਸੀਨੇ ਵਿਚ ਅਨੀਆਲੜਾ ਬਾਣ ਲਗਾ।
ਆਇਆ ਫਨ ਖਿਲਾਰ ਕੇ ਕਰੀ ਛਾਇਆ, ਸੂਰਜ ਦੇਵ ਨੂੰ ਸੌ ਸੌ ਸੁਨਾਣ ਲਗਾ।
ਵੇਖ ਰਾਇ ਬੁਲਾਰ ਅਸਚਰਜ ਹੋਇਆ, ਕਹਿੰਦਾ ਰੱਬ ਹੋ ਕੇ ਮਹੀਆਂ ਚਾਰਦਾ ਏ।
ਨਹੀਂ ਨਹੀਂ ਇਹ ਨਾਲ ਬਹਾਨਿਆਂ ਦੇ, ਫਿਰਦਾ ਪਾਪੀਆਂ ਦੇ ਬੇੜੇ ਤਾਰਦਾ ਏ।੫।

---

੧. ਮੁਖੜੇ ਤੇ ਧੁੱਪ ਆ ਗਈ।



www.AKJ.Org

ਕੁਦਰਤ ਹੀਰ ਦਾ ਰਾਂਝਣਾ ਉਠਿਆ ਏ, ਮਹੀਆਂ ਪਾਏ ਕੁਦਾੜ ਉਹ ਆਈਆਂ ਨੇ।
ਚਰਨਾ ਚੁਗਣਾ ਭੁੱਲਿਆ ਘਾਹ ਛੱਡੇ, ਦੂਰੋਂ ਨਾਸਾਂ ਭੁੜਕਾਂਦੀਆਂ ਧਾਈਆਂ ਨੇ।
ਭਰੇ ਹੋਏ ਹਵਾਨੇ ਅੜਾਂਦੀਆਂ ਨੇ, ਵਾਜਾਂ ਮਾਰ ਜਿਉਂ ਕਿਸੇ ਬੁਲਾਈਆਂ ਨੇ।
ਖੜੀਆਂ 'ਨਾਨਕ' ਉਦਾਲੇ ਆ ਮਸਤ ਹੋ ਕੇ, ਜਿਵੇਂ ਕਿੱਲਿਆਂ ਤੇ ਬਧੀਆਂ ਸਾਈਆਂ ਨੇ।
ਛੇੜੂ ਮਝਾਂ ਦਾ ਨਿਕਲਿਆ ਰਖ[1] ਵਿਚੋਂ, ਟੁਰ ਪਿਆ ਏ ਸੋਹਣੀ ਰਫ਼ਤਾਰ ਅੰਦਰ।
ਭਜ ਨਠੀਆਂ ਬਲ੍ਹੀਆਂ ਬੂਰੀਆਂ ਸਭ, ਧੌਣਾਂ ਸੁੱਟ ਕੇ ਕਿਸੇ ਹੁਲਾਰ ਅੰਦਰ।੬।

ਰੱਬ ਮੂਸੇ ਦਾ ਤੂਰ[2] ਤੋਂ ਉਤਰ ਆਇਆ, ਰਿਸ਼ਮਾਂ ਸੁਟਦਾ ਜਾਂਦਾ ਏ ਨੂਰ ਦੀਆਂ।
ਮੱਝਾਂ ਦਿਸਦੀਆ ਉਸ ਦੇ ਮਗਰ ਏਦਾਂ, ਜਿਉਂ ਪਹਾੜੀਆਂ ਹੋਣ ਕੋਹ ਤੂਰ ਦੀਆਂ।
ਚਮਕਣ ਅੱਖੀਆਂ ਵਾਂਗ ਮਮੋਲੜੇ ਦੇ, ਭਰੀਆਂ ਦਿਸਦੀਆਂ ਕਿਸੇ ਸਰੂਰ ਦੀਆਂ।
ਵੇਖ ਵੇਖ ਕੇ ਮੁਖ ਸਭ ਭੁੱਖ ਲਹਿੰਦੀ, ਸਿਫਤਾਂ ਕਿਹੜੀਆਂ ਕਰਾਂ ਹਜ਼ੂਰ ਦੀਆਂ।
ਚੰਨ 'ਕਾਲੂ' ਦਾ, 'ਤ੍ਰਿਪਤਾਂ' ਦਾ ਲਾਡਲਾ ਇਹ, ਛੇੜੂ ਮਹੀਆਂ ਦਾ, ਰੱਬੀ ਤਸਵੀਰ ਹੈ ਇਹ।
ਡੁਬਦੇ ਬੇੜਿਆਂ ਨੂੰ ਬੰਨੇ ਲਾਣ ਵਾਲਾ, ਬੇਬੇ ਨਾਨਕੀ ਦਾ ਸੋਹਣਾ ਵੀਰ ਹੈ ਇਹ।੭।

---

੧. ਮਝਾਂ ਚਾਰਨ ਦਾ ਰਾਖਵਾਂ ਜੰਗਲ। ੨. ਉਹ ਪਹਾੜ ਜਿਸ ਉਤੇ ਮੂਸਾ ਜੀ ਨੂੰ ਰੱਬ ਜੀ ਦੇ ਦਰਸ਼ਨ ਹੋਏ।

---o---

# ਅੰਮ੍ਰਿਤਸਰੁ ਸਿਫਤੀ ਦਾ ਘਰੁ

[ਵਲੋਂ :—ਸ: ਮਨੋਹਰ ਸਿੰਘ ਜੀ ਮਾਰਕੋ, ਨਵੀਂ ਦਿਲੀ]

ਮੈਂ ਸਭੇ ਝਾਕਾਂ ਝਾਕੀਆਂ ਕੋਈ ਤੇਰੇ ਵਾਂਗ ਨ ਹੋਰ; ਸਤ ਬਹਿਸ਼ਤਾਂ ਆਣ ਕੇ, ਜਿਸ ਥਾਂ ਕਰਦੀਆਂ ਚੌਰ।
ਕੌਸਰ ਤਾਂ ਬਸ ਚਸ਼ਮੇ, ਇਥੇ ਅੰਮ੍ਰਿਤ ਭਰੇ ਤੱਲਾ; ਉਥੇ ਇਕ ਅਧ ਘੁਟ ਨੂੰ ਸਹਿਕਦੇ, ਇਥੇ ਚੁਭੀਆਂ ਲਾਂਦੇ ਆ।
ਇੰਦਰ-ਲੋਕ ਕਹਾਣੀਆਂ, ਅੰਮ੍ਰਿਤਸਰ ਪਰਤੱਖ; ਇਨੂੰ ਅਰਜਨ ਸਤਿਗੁਰ ਸਾਜਿਆ, ਗੁਰੂ ਰਾਮਦਾਸ ਦੀ ਰਖ।
ਇਥੇ ਹੂਰਾਂ ਸਿਜਦੇ ਕਰਦੀਆਂ, ਇਹ ਰੱਬ ਦਾ ਗ੍ਰਿਹਿ-ਅਸਥਾਨ; ਤੱਕ ਤੱਕ ਵਿਗਸਣ ਦੇਵਤੇ, ਹਰੀ-ਮੰਦਰ ਦੀ ਸ਼ਾਨ।
ਇਥੇ ਰੁਖਾਂ ਨੂੰ ਵੀ ਬਖਸ਼ਸ਼ਾਂ, ਦੁਖ ਭੰਜਨ ਦੇ ਵਰਦਾਨ; ਰਬ-ਰਜਾਈਆਂ ਬੀਬੀਆਂ ਅਤੇ ਹੰਸਾਂ ਜਹੇ ਇਨਸਾਨ।
ਸਭ ਉਚੇ ਮੰਦਰ ਲੋਚਦੇ, ਹਰਿ-ਮੰਦਰ ਨੀਵੇਂ ਥਾਨ; ਚਾਰ ਦਿਸ਼ਾਵਾਂ, ਚਾਰ-ਦਰ, ਚਹੁੰ ਵਰਨਾਂ ਦੀ ਜਾਨ।
ਨਿਰਧਨ ਸੰਧੀ ਦੋਸਤੀ, ਨਿਰਬਲ ਨੂੰ ਆਸੀਸ; "ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ"।
ਅੰਮ੍ਰਿਤ ਬਾਣੀ ਸਿਰਜਦੇ, ਸਤਿਗੁਰ ਜਪਦੇ ਜਾਪ; ਬੁੱਢਾ ਜੀ ਦੇ ਸਿਦਕ ਦੀ, ਚਪੇ ਚਪੇ ਤੇ ਛਾਪ।
ਸੋਨੇ-ਲਦੇ ਕਲਸ ਨੇ, ਸੋਨਮਈ ਇਤਿਹਾਸ, ਮਸੇ ਵਰਗੇ ਸ਼ਤਰੂ, ਪਲ ਵਿਚ ਹੁੰਦੇ ਰਾਸ।
ਏਥੇ ਮੁਕਤੀ ਮਿਲੇ ਨਹਾਤਿਆਂ, ਤਨ ਹੁੰਦੇ ਨਵੇਂ ਨਕੋਰ; ਮੈਂ ਸਭੇ ਝਾਕਾਂ ਝਾਕੀਆਂ, ਕੋਈ ਤੇਰੇ ਵਾਂਗ ਨਾ ਹੋਰ।



www.AKJ.Org

# ਕਾਸਾ ਅੰਮ੍ਰਿਤ ਦਾ ਗੁਰੂ ਨਾਨਕ ਦੀ ਬਾਣੀ

[ ਵਲੋਂ :--ਸ: ਮਹਿੰਦਰ ਸਿੰਘ ਜੀ "ਭੌਰਾ", ਹਾਸ਼ੀਮਾਰਾ ]

ਗੁਰੂ ਨਾਨਕ ਦੀ ਬਾਣੀ ਕਾਸਾ ਅੰਮ੍ਰਿਤ ਦਾ
ਗੁਰੂ ਨਾਨਕ ਦੀ ਬਾਣੀ.........

ਜਦ, ਅੰਧ ਗੁਬਾਰ ਭਇਆ ਜੱਗ ਅੰਦਰ, ਰਾਹ ਨਜ਼ਰ ਨਾ ਆਏ।
ਆਜਿਜ਼ ਦੇ ਗਲ ਤੇ ਜਰਵਾਣਾ ਆਪਣੀ ਛੁਰੀ ਚਲਾਏ।
ਤਦ, ਆਦਿ ਨਿਰੰਜਨ ਸਤਿਗੁਰ ਨਾਨਕ ਮਾਤ ਲੋਕ ਵਿਚ ਆਏ।
ਸੱਚ ਦੀਆਂ ਸੱਭ ਨੂਰੀ ਰਿਸ਼ਮਾਂ ਆਪਣੇ ਨਾਲ ਲਿਆਏ।
ਵਲੀ ਜਹਿਆਂ ਦੇ ਪੱਥਰ ਜਿਸ ਦੀ ਛੁਹ ਨਾਲ ਹੋ ਗਏ ਪਾਣੀ।
ਕਾਸਾ ਅੰਮ੍ਰਿਤ ਦਾ.............ਗੁਰੂ ਨਾਨਕ ਦੀ ਬਾਣੀ।੧।

ਜਿਸ ਅੰਮ੍ਰਿਤ ਨੂੰ ਸੁਰ ਨਰ ਖੋਜਣ, ਹੱਥ ਕਿਸੇ ਨਾ ਆਇਆ।
ਉਹ ਅੰਮ੍ਰਿਤ ਮੇਰੇ ਸਤਿਗੁਰੂ ਨਾਨਕ, ਗੁਰਸਿੱਖਾਂ ਮੂੰਹ ਪਾਇਆ।
ਇਸ ਅੰਮ੍ਰਿਤ ਦਾ ਇਕ ਘੁੱਟ ਭਰ ਕੇ, ਚੜ੍ਹ ਜਾਏ ਰੂਪ ਸਵਾਇਆ।
ਜਿਸ ਨੂੰ ਚੜ੍ਹਦੀ "ਨਾਮ ਖੁਮਾਰੀ", ਉਸ ਅਨਦਿਨ ਹਰਿ ਜਸ ਗਾਇਆ।
'ਝੜਿ ਝੜਿ ਪਵਦੇ ਕਚੇ ਬਿਰਹੀ', ਜਿੰਨ੍ਹੀ ਸਾਰ ਨਾ ਜਾਣੀ।
ਕਾਸਾ ਅੰਮ੍ਰਿਤ ਦਾ.................ਗੁਰੂ ਨਾਨਕ ਦੀ ਬਾਣੀ।੨।

ਗੁਰੂ ਗ੍ਰੰਥ ਜੀ "ਸ਼ਬਦ ਗੁਰੂ" ਹੈ, ਵਿਚ ਸਤਿਗੁਰ ਨੇ ਸਾਰੇ।
ਇਹ ਇਕ "ਸਰਵਰ" ਹੰਸਾਂ ਖ਼ਾਤਿਰ, ਭਰ ਭਰ ਮੋਤੀ ਵਾਰੇ।
ਇਸ ਵਿਚ ਗੁਰੂ "ਅਰਜਨ" ਦੇ ਛਾਲੇ ਚਮਕਣ ਵਾਂਗ ਸਿਤਾਰੇ।
ਇਸ ਦੀ ਟਾਹਣੀ ਨੂੰ ਫਲ ਲਗਾ, ਬਣ ਕੇ 'ਅਜੀਤ' 'ਜੁਝਾਰੇ'।
"ਸਬਦੁ ਗੁਰੂ" "ਧੁਨਿ ਚੇਲਾ" ਕਰਕੇ ਮਿਟ ਜਾਏ ਆਵਣ ਜਾਣੀ।
ਕਾਸਾ ਅੰਮ੍ਰਿਤ ਦਾ....................ਗੁਰੂ ਨਾਨਕ ਦੀ ਬਾਣੀ।੩।

"ਸੁਖਮਨੀ" ਸੱਭ ਜੱਗ ਪਈ ਵੰਡੇ, ਠੰਢੀਆਂ ਸੁੱਖ ਦੀਆਂ ਮਣੀਆਂ।
"ਸ਼ਬਦ-ਹਜ਼ਾਰੇ" ਖਿੱਚਾਂ ਪਾਵਣ, ਪਾ ਪ੍ਰੀਤਮ ਵੱਲ ਤਣੀਆਂ।
"ਜਪੁਜੀ ਸਾਹਿਬ"-'ਚ ਗੁੰਦੀਆਂ ਝਿਲਮਿਲ ਝਿਲਮਿਲ ਨੂਰੀ ਅਣੀਆਂ।
ਤਨ ਮਨ ਸੀਤਲ ਹੋਵੇ ਜਿਸ ਤੇ ਪੈਣ 'ਅਨੰਦ' ਦੀਆਂ ਕਣੀਆਂ।
ਇਸ ਅੰਮ੍ਰਿਤ ਦੇ ਦੋ ਘੁੱਟ ਭਰ ਕੇ ਮਿਟ ਜਾਏ ਭਰਮ ਭੁਲਾਣੀ।
ਕਾਸਾ ਅੰਮ੍ਰਿਤ ਦਾ....................ਗੁਰੂ ਨਾਨਕ ਦੀ ਬਾਣੀ।੪।

ਨਾਨਕ "ਨਾਮ" ਜਹਾਜ਼ ਚੜ੍ਹੇ ਜੋ, ਤਰ ਜਾਏ ਸਾਗਰ ਖਾਰਾ।
ਤਪੇ ਕੜਾਹੇ ਠਾਰਨ ਲਈ ਇਹਦਾ ਇਕ ਕਤਰਾ ਵੀ ਭਾਰਾ।
ਸੱਜਣ ਜਿਹੇ ਠੱਗਾਂ ਲਈ ਇਸਦਾ, ਕਾਫ਼ੀ ਇਕ ਇਸ਼ਾਰਾ।
ਪਰ ਕਲਗੀਧਰ ਨੇ ਸੰਗਤੇ! ਸਾਨੂੰ ਬਖਸ਼ਿਆ ਵੱਖਰ ਸਾਰਾ।



www.AKJ.Org

ਲਾਲ ਜਵੇਹਰ ਭਰੇ ਭੰਡਾਰਾ, ਸੌਂਪ ਗਿਆ ਵੱਡ-ਦਾਨੀ।
ਕਾਸਾ ਅੰਮ੍ਰਿਤ ਦਾ.....................ਗੁਰੂ ਨਾਨਕ ਦੀ ਬਾਣੀ।੫।

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸੱਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਸੰਨ ਸਤਾਰ੍ਹਾਂ ਸੌ ਚੜ੍ਹੇ ਨਾਲ ਤਰੇਸਠ ਸਾਲ।
ਕਲਗੀਧਰ ਨੇ ਦਸਖ਼ਤ ਕੀਤੇ ਤੀਰ ਦੀ ਨੁਕਰ ਨਾਲ।
"ਭੌਰੇ" ਚੜ੍ਹ ਜਾਏ ਨਸ਼ਾ ਨਿਰਾਲਾ, ਪੀ ਕੇ ਨਾਮ-ਨਿਧਾਨੀ।
ਕਾਸਾ ਅੰਮ੍ਰਿਤ ਦਾ ............. ਗੁਰੂ ਨਾਨਕ ਦੀ ਬਾਣੀ।੬।

---

## ਦਰਸ਼ਨੀ ਤੇ ਸ਼ੋਭਨੀਕ ਰੁਮਾਲੇ

ਜਿਸ ਕਿਸੇ ਗੁਰੂ ਅਸਥਾਨ ਜਾਂ ਸੰਸਥਾ ਨੂੰ ਸੁੰਦਰ ਤੇ ਦਰਸ਼ਨੀ ਰੁਮਾਲਿਆਂ ਦੀ ਲੋੜ ਹੋਵੇ, ਸ੍ਰੀ ਗੁਰੂ ਨਾਨਕ ਸਤਿਸੰਗ ਸਭਾ, ਸਿੰਘਾਪੁਰ ਤੋਂ ਪ੍ਰਾਪਤ ਕਰ ਸਕਦਾ ਹੈ। ਸਭਾ ਪਾਸ ਕਾਫ਼ੀ ਗਿਣਤੀ ਵਿਚ ਸੋਭਨੀਕ ਰੁਮਾਲੇ ਹਨ। ਹਰ ਮੰਗ ਨੂੰ ਪੂਰਾ ਕਰਨ ਦੀ ਕੋਸ਼ਸ਼ ਕੀਤੀ ਜਾਵੇਗੀ।

ਇਕ ਪਾਰਸਲ ਵਿਚ ਦੋ ਰੁਮਾਲੇ ਸਮੇਤ ਪਲਕਾਂ ਦੇ ਭੇਜੇ ਜਾਣਗੇ। ਪਾਰਸਲ ਦਾ ਡਾਕ ਖ਼ਰਚ ਭਰ ਸਕਣ ਵਾਲੇ ਨੂੰ ਬਿਲਕੁਲ ਰੁਮਾਲੇ ਮੁਫ਼ਤ ਭੇਜੇ ਜਾਣਗੇ। ਸਮੁੰਦਰੀ ਜਹਾਜ਼ ਰਾਹੀਂ ਪਾਰਸਲ ਨੂੰ ਕੁਝ ਦੇਰੀ ਜ਼ਰੂਰ ਲਗਦੀ ਹੈ, ਪਰ ਖ਼ਰਚ ਘਟ ਆਉਂਦਾ ਹੈ।

ਲੋੜਵੰਦ ਸੰਸਥਾਵਾਂ ਜਾਂ ਗੁਰਦੁਆਰੇ ਸ਼ੀਘਰ ਹੀ ਹਵਾਈ ਡਾਕ ਦੁਆਰਾ ਮੰਗ ਕਰਨ। ਸਿੱਖੀ ਸਬੰਧੀ ਅੰਗਰੇਜ਼ੀ ਤੇ ਪੰਜਾਬੀ ਵਿਚ ਸਾਖੀਆਂ ਆਦਿ ਸਾਹਿੱਤ ਇਸ ਸਭਾ ਵਲੋਂ ਮੰਗ ਆਉਣ ਤੇ ਮੁਫ਼ਤ ਭੇਜਿਆ ਜਾਂਦਾ ਹੈ। ਦਾਸਨ ਦਾਸ :—ਸਕੱਤ੍ਰ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ,

ਪੋਸਟ ਬੋਕਸ ਨੰ: ੧੬੦, ਕਾਤੋਂਗ, ਸਿੰਘਾਪੁਰ—੧੫

---

## ਪਿੰਡ ਦੁਸਾਂਝ ਕਲਾਂ (ਫ਼ਿਲੌਰ) ਵਿਖੇ ਰੈਣ-ਸਬਾਈ ਕੀਰਤਨ

ਸਮੂਹ ਸੰਗਤਾਂ ਨੂੰ ਬਿਨੈ ਹੈ ਕਿ ੧੨ ਨਵੰਬਰ ਸ਼ਨੀਵਾਰ ਰਾਤ ਨੂੰ ਦੁਸਾਂਝ ਕਲਾਂ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਸੱਚੇ ਸੁੱਚੇ ਲਾਹੇ ਪ੍ਰਾਪਤ ਕਰਨ। ਦੁਸਾਂਝ ਕਲਾਂ ਫਗਵਾੜਾ ਮੁਕੰਦਪੁਰ ਰੋਡ ਤੇ ਫਗਵਾੜੇ ਤੋਂ ਪੰਜ ਮੀਲ ਤੇ ਹੈ। ਆਖ਼ਰੀ ਬਸ ੬-੨੫ ਸ਼ਾਮ ਚਲਦੀ ਹੈ। ਫਗਵਾੜਾ ਬਸ ਸਟੈਂਡ ਤੋਂ ਇਕ ਟਰਾਲੀ ੭-੩੦ ਵਜੇ ਸ਼ਾਮ ਚਲੇਗੀ।

ਪ੍ਰਾਰਥਕ ਦਾਸਰੇ :—ਸਾਧ ਸੰਗਤ ਦੁਸਾਂਝ ਕਲਾਂ

---

**ਪਾਠਕ ਸਜਣ—** ਹਰ ਮਹੀਨੇ ਚੰਦੇ ਖ਼ਤਮ ਹੋਣ ਵਾਲੇ ਸਜਣਾਂ ਦੇ ਪਰਚਿਆਂ ਪਿਛੇ ਚੰਦਾ ਖ਼ਤਮ ਹੋਣ ਦੀ ਮੋਹਰ ਲਾਈ ਜਾਂਦੀ ਹੈ। ਮੋਹਰ ਵਾਲਾ ਪਰਚਾ ਪੁਜਣ ਸਾਰ ਹੀ ਚੰਦਾ ਭੇਜਣ ਦੀ ਕਿਰਪਾਲਤਾ ਕਰੋ। ਬਾਅਦ ਵਿਚ ਪਰਚਾ ਬੰਦ ਹੋਣ ਦੀ ਸੂਰਤ ਵਿਚ ਦੁਪਾਸੜ ਖੇਚਲ ਤੇ ਪ੍ਰੇਸ਼ਾਨੀ ਹੁੰਦੀ ਹੈ।

*ਚਿੱਠੀ ਪੱਤਰ ਤੇ ਮਨੀਆਰਡਰ ਸਮੇਂ ਚਿਟ ਨੰਬਰ ਜ਼ਰੂਰ ਲਿਖੋ ਜੀ।*
*ਤੁਹਾਡਾ ਚਿਟ ਨੰਬਰ ਹਰ ਪਰਚੇ ਤੇ ਐਡਰੈਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ।*



www.AKJ.Org

# ਸ਼ਹੀਦ ਬੀਬੀ ਸ਼ਰਨ ਕੌਰ

[ਵਲੋਂ :—ਸ. ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ ੩੧]

ਸਿੱਖ ਇਤਿਹਾਸ ਵਿਚ 'ਚਮਕੌਰ ਦੀ ਜੰਗ' ਖਾਸ ਮਹਾਨਤਾ ਰਖਦੀ ਹੈ, ਜੋ ਦਸੰਬਰ ਸੰਨ ੧੭੦੪ ਈਸਵੀ ਵਿਚ ਲੜੀ ਗਈ। ਇਹ ਉਹ ਜੰਗ ਸੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਵਰੋਸਾਇਆ ਹੋਇਆ ਇਕ ਇਕ ਸਿੰਘ ਸੈਂਕੜੇ ਵੈਰੀ-ਦਲਾਂ ਨਾਲ ਜੂਝਿਆ ਸੀ ਅਤੇ ਮੌਤ ਨਾਲ ਰਜ ਕੇ ਮਖੌਲ ਕੀਤਾ ਸੀ। ਹਰੇਕ ਸਿੰਘ ਪੁਰਜ਼ਾ ਪੁਰਜ਼ਾ ਹੋ ਕੇ ਕਟ ਮਰਿਆ ਸੀ, ਪਰ ਧਰਮ-ਯੁਧ ਵਿਚੋਂ ਪੈਰ ਪਿਛੇ ਨਹੀਂ ਸੀ ਪਾਇਆ ਅਤੇ ਗੁਰਬਾਣੀ ਦੇ ਇਸ ਭਾਵ ਨੂੰ ਉਜਾਗਰ ਕਰ ਕੇ ਪ੍ਰਗਟਾ ਦਿਤਾ ਸੀ ਕਿ—

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ।੨।੨।
[ਸਲੋਕ ਕਬੀਰ, ਪੰਨਾ ੧੧੦੫

ਫਿਰ ਇਕ ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਇਹ ਲਫਜ਼ ਕਿਵੇਂ ਸੱਚੇ ਸਾਬਤ ਹੋਏ ਸਨ—

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਫਿਰ ਮੁਕਾਬਲਾ ਦੇਖੋ! ਇਕ ਪਾਸੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਾਲ ਮੁਠੀ ਭਰ ੪੦ ਕੁ ਸਿੰਘ ਅਤੇ ਦੂਜੇ ਪਾਸੇ ੧੦ ਲਖ ਦਾ ਭਾਰੀ ਮੁਲਖਈਆ। ਧੰਨ ਉਹ ਗੁਰੂ ਦੇ ਸਿਦਕੀ ਸਿੰਘ, ਜਿਨ੍ਹਾਂ ਨੇ ਆਪਣੀਆਂ ਜਾਨਾਂ ਦੇ ਕੇ ਦੇਸ਼ ਅਤੇ ਕੌਮ ਦੀ ਅਣਖ ਨੂੰ ਪਾਲ ਕੇ ਵਿਖਾਲ ਦਿਤਾ।

ਇਸ ਜੰਗ ਵਿਚ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਅਧਿਆਂ ਨਾਲੋਂ ਬਹੁਤੇ ਸਿੰਘ ਵੀ ਸ਼ਹੀਦੀ ਬਾਟਾ ਛਕ ਗਏ। ਗੁਰੂ ਸਾਹਿਬ ਖ਼ੁਦ ਵੀ ਸ਼ਹੀਦੀ ਪਾ ਕੇ ਰਣ-ਤੱਤੇ ਵਿਚ ਕੁਦਣਾ ਚਾਹੁੰਦੇ ਸਨ, ਪਰ ਪੰਥ ਖ਼ਾਲਸੇ ਦਾ ਹੁਕਮ ਮੰਨਦੇ ਹੋਇਆਂ ਆਪ ਨੂੰ ਚਮਕੌਰ ਦੀ ਗੜ੍ਹੀ ਛਡਣੀ ਪਈ ਅਤੇ ਮਾਛੀਵਾੜੇ ਤੋਂ ਹੁੰਦੇ ਹੋਏ ਮਾਲਵੇ ਵਲ ਚਲੇ ਗਏ। ਪਿਛੋਂ ਜੋ ਰਹਿੰਦੇ ਖੂੰਦੇ ਸਿੰਘ ਸਨ, ਉਹ ਵੀ ਸ਼ਹੀਦੀਆਂ ਪਾ ਗਏ।

ਸ਼ਾਹੀ ਫੌਜਾਂ ਅਜੇ ਵੀ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਈ ਬੈਠੀਆਂ ਸਨ। ਕਾਲੀ ਬੋਲੀ ਰਾਤ ਸੀ ਅਤੇ ਸਰਦੀ ਵੀ ਕਹਿਰ ਦੀ ਪੈ ਰਹੀ ਸੀ। ਜਿਧਰ ਦੇਖੋ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ ਸਨ। ਧਰਤੀ ਖ਼ੂਨ ਨਾਲ ਲਾਲ ਸੁਰਖ਼ ਹੋਈ ਪਈ ਸੀ। ਇਸ ਅਤਿ ਭਿਆਨਕ ਸਮੇਂ ਇਕ ਮੁਟਿਆਰ ਸੁੰਦਰੀ ਹੱਥ ਵਿਚ ਦੀਵਾ ਫੜੀ ਕੁਝ ਟੋਲ ਰਹੀ ਸੀ। ਉਸ ਬੀਬੀ ਨੇ ਦੀਵੇ ਦੀ ਲੋਅ ਵਿਚ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਲਭ ਲਭ ਕੇ ਇਕੱਠੀਆਂ ਕੀਤੀਆਂ।

ਇਹ ਬੀਬੀ ਪਿੰਡ ਚਮਕੌਰ ਦੇ ਰਹਿਣ ਵਾਲੀ ਸੀ ਅਤੇ ਇਸ ਦਾ ਨਾਂ ਸੀ ਸ਼ਰਨ ਕੌਰ। ਇਸ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਇਆ ਸੀ, ਜਿਸ ਦੇ ਸੀਸ ਤੇ ਕੇਸਕੀ ਸਜੀ ਹੋਈ ਸੀ ਅਤੇ ਉਸ ਰਾਤ ਦੇ ਹਨੇਰੇ ਵਿਚ ਵੀ ਚਿਹਰਾ ਡਲ੍ਹਕਾਂ ਮਾਰ ਰਿਹਾ ਸੀ। ਭਾਈ ਸੇਵਾ ਸਿੰਘ ਜੀ ਖ਼ਾਲਸਾ ਸਮਾਚਾਰ ਵਾਲੇ ਲਿਖਦੇ ਹਨ ਕਿ ਉਸ ਸਮੇਂ ਬੀਬੀ ਸ਼ਰਨ ਕੌਰ ਨੇ ਹਿੰਮਤ ਕਰ ਕੇ ਜੋ ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕੀਤੀਆਂ, ਉਸ ਨਾਲ ਉਸ ਦਾ ਲੱਕ ਦੂਖਣ ਲਗ ਪਿਆ। ਲਾਸ਼ਾਂ ਚੁਕ ਚੁਕ ਕੇ ਉਸ ਦੀਆਂ ਬਾਹਾਂ ਫੁਲ ਗਈਆਂ। ਸਰੀਰ ਦੇ ਸਾਰੇ ਅੰਗ ਸੁਸਤ ਹੋ ਗਏ, ਪਰ ਉਸ ਨੇ ਹੌਸਲਾ ਫਿਰ ਵੀ ਨਾ ਛਡਿਆ। ਲਖਾਂ ਵੈਰੀਆਂ ਵਿਚ ਘਿਰੀ ਹੋਈ ਵੀ ਜ਼ਰਾ ਨ ਘਬਰਾਈ।

(ਬਹਾਦਰ ਸਿੰਘਣੀਆਂ, ਪੰਨਾ ੮੦,੮੧)

ਬੀਬੀ ਸ਼ਰਨ ਕੌਰ ਨੇ ਸੋਚਿਆ ਕਿ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਸ਼ਹੀਦ ਹੋਏ ਵੀਰਾਂ ਦਾ ਸਸਕਾਰ ਜ਼ਰੂਰ ਕਰ ਦੇਣਾ ਹੈ। ਜੇ ਅਜਿਹਾ ਨਾ ਹੋ ਸਕਿਆ ਤਾਂ ਸ਼ਹੀਦ ਵੀਰਾਂ ਦੀਆਂ ਲਾਸ਼ਾਂ ਵੈਰੀਆਂ ਦੇ ਹੱਥ ਆ



www.AKJ.Org

ਜਾਣਗੀਆਂ ਅਤੇ ਵੈਰੀ ਇਨ੍ਹਾਂ ਦਾ ਅਪਮਾਨ ਕਰਨਗੇ। ਸਿੰਘਾਂ ਦੀਆਂ ਲਾਸ਼ਾਂ ਨੂੰ ਇਸ ਅਪਮਾਨ ਤੋਂ ਬਚਾਣ ਲਈ ਬੀਬੀ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿਤੀ।

ਬੀਬੀ ਸ਼ਰਨ ਕੌਰ ਨੇ ਬਹੁਤ ਫੁਰਤੀ ਤੋਂ ਕੰਮ ਲਿਆ ਅਤੇ ਪਹੁ ਫੁਟਣ ਤੋਂ ਪਹਿਲਾਂ ਪਹਿਲਾਂ ਲਾਸ਼ਾਂ ਤੇ ਲਕੜਾਂ ਰਖਣੀਆਂ ਸ਼ੁਰੂ ਕਰ ਦਿੱਤੀਆਂ। ਇਕ ਵੱਡੀ ਚਿਖਾ ਬਣ ਗਈ। ਫਿਰ ਖੜੇ ਹੋ ਕੇ ਅਰਦਾਸਾ ਸੋਧਿਆ ਅਤੇ ਚਿਖਾ ਨੂੰ ਅੱਗ ਲਗਾ ਦਿੱਤੀ। ਆਪ ਕੋਲ ਬੈਠ ਕੇ ਗੁਰਬਾਣੀ ਦਾ ਪਾਠ ਐਸੇ ਰੰਗਾਂ ਵਿਚ ਕਰਨਾ ਅਰੰਭ ਦਿਤਾ ਕਿ ਮਨ ਗੁਰੂ ਮਹਾਰਾਜ ਜੀ ਦੇ ਚਰਨ ਕੰਵਲਾਂ ਨਾਲ ਜੁੜ ਗਿਆ।

ਅੱਗ ਦੇ ਭਾਂਬੜ ਦੇਖ ਕੇ ਵੈਰੀ ਹੈਰਾਨ ਹੋ ਗਏ ਕਿ ਅੱਧੀ ਰਾਤ ਵੇਲੇ ਇਹ ਅੱਗ ਕਿਸ ਬਾਲ ਦਿੱਤੀ। ਸੈਂਕੜੇ ਸਿਪਾਹੀ ਅੱਗ ਵਾਲੀ ਥਾਂ ਪਹੁੰਚ ਗਏ। ਕੀ ਦੇਖਦੇ ਹਨ ਕਿ ਅੱਗ ਦੇ ਕੋਲ ਇਕ ਇਸਤ੍ਰੀ ਬੈਠੀਹੈ। ਪੁਛਣ ਲਗੇ—"ਤੂੰ ਕੌਣ ਏਂ ਅਤੇ ਅੱਗ ਕਿਉਂ ਬਾਲੀ ਏ ?" ਬੀਬੀ ਸ਼ਰਨ ਕੌਰ ਨੇ ਇਸ ਗੱਲ ਦਾ ਕੋਈ ਉੱਤਰ ਨਾ ਦਿੱਤਾ। ਉਸ ਨੇ ਸੋਚਿਆ ਕਿ ਝੂਠ ਬੋਲਣਾ ਗੁਰੂ ਦਾ ਹੁਕਮ ਨਹੀਂ ਅਤੇ ਸੱਚ ਬੋਲਣ ਨਾਲ ਵੈਰੀ ਸ਼ਹੀਦ ਵੀਰਾਂ ਦਾ ਸਸਕਾਰ ਨਹੀਂ ਹੋਣ ਦਏਗਾ। ਇਸ ਲਈ ਚੁਪ ਰਹਿਣਾ ਠੀਕ ਸਮਝਿਆ।

ਸਿਪਾਹੀਆਂ ਨੇ ਜਦੋਂ ਦੇਖਿਆ ਕਿ ਇਹ ਇਸਤ੍ਰੀ ਇਸ ਤਰ੍ਹਾਂ ਨਹੀਂ ਬੋਲੇਗੀ ਤਾਂ ਉਨ੍ਹਾਂ ਨੇ ਤਲਵਾਰਾਂ ਤੇ ਨੇਜ਼ਿਆਂ ਨਾਲ ਬੀਬੀ ਸ਼ਰਨ ਕੌਰ ਨੂੰ ਵਿੰਨ੍ਹਣਾ ਸ਼ੁਰੂ ਕਰ ਦਿੱਤਾ। ਬਹਾਦਰ ਸ਼ਰਨ ਕੌਰ, ਖਾਲਸੇ ਦੀ ਨਿੱਜੀ ਭੈਣ ਸ਼ਰਨ ਕੌਰ, ਜਿਸ ਦੀ ਸਾਰਾ ਜਿਸਮ ਖ਼ੂਨ ਨਾਲ ਲਥ ਪਥ ਹੋ ਗਿਆ ਸੀ, ਰਤਾ ਨਾ ਡੋਲੀ। ਗੁਰਸਿੱਖੀ ਉਸ ਦੇ ਲੂੰ ਲੂੰ ਵਿਚ ਰਸੀ ਪਈ ਸੀ। ਗੁਰਬਾਣੀ ਦੀ ਇਹ ਤੁਕ ਬਾਰ ਬਾਰ ਉਸ ਦੇ ਹਿਰਦੇ ਵਿਚੋਂ ਨਿਕਲ ਰਹੀ ਸੀ :—

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰਿ ॥੬੧॥
[ਸਲੋਕ ਕਬੀਰ ਜੀ, ਪੰਨਾ ੧੩੬੭

ਫਿਰ ਦੇਖੋ ! ਪਾਪੀਆਂ ਨੇ ਕੇਹਾ ਕਹਿਰ ਕਮਾਇਆ ? ਬੀਬੀ ਸ਼ਰਨ ਕੌਰ ਨੂੰ ਇਸ ਤਰ੍ਹਾਂ ਜ਼ਖ਼ਮੀ ਹਾਲਤ ਵਿਚ ਅੱਗ ਦੇ ਬਲਦੇ ਭਾਂਬੜ ਵਿਚ ਸੁੱਟ ਦਿੱਤਾ।

ਠਾਕਰ ਦੇਸ ਰਾਜ ਜੀ ਲਿਖਦੇ ਹਨ ਕਿ ਸ਼ੈਤਾਨ ਕੇ ਦਿਲ ਨਹੀਂ ਹੋਤਾ ਹੈ, ਯਹ ਕਹਾਵਤ ਮਸ਼ਹੂਰ ਹੈ। ਉਨ ਦੁਸ਼ਟੋਂ ਨੇ ਬੀਬੀ ਜੀ ਕੋ ਉਸ ਧਧਕਤੀ ਚਿਤਾ ਪਰ ਫੈਂਕ ਦੀਆ। ਕਿੰਤੂ ਉਸ ਵੀਰ ਬਾਲਾ ਨੇ ਉਫ਼ ਤਕ ਨ ਕੀ।

(ਸਿੱਖ ਇਤਿਹਾਸ, 'ਹਿੰਦੀ' ਪੰਨਾ ਪ੩੧)

ਬੀਬੀ ਸ਼ਰਨ ਕੌਰ ਨੇ ਜੋ ਆਪਣੀ ਮਹਾਨ ਕੁਰਬਾਨੀ ਦਿੱਤੀ ਹੈ, ਉਸ ਨਾਲ ਦਸ ਦਿੱਤਾ ਹੈ ਕਿ ਸਿੱਖ-ਇਸਤ੍ਰੀਆਂ ਕਿੰਨੀਆਂ ਬਹਾਦਰ, ਸੱਚੀਆਂ ਅਤੇ ਪ੍ਰਰਨ ਸਿਦਕ ਤੇ ਭਰੋਸੇ ਵਾਲੀਆਂ ਹੁੰਦੀਆਂ ਹਨ। ਉਹ ਮਰਦਾਂ ਨਾਲੋਂ ਕਿਸੇ ਗੱਲੋਂ ਵੀ ਘਟ ਨਹੀਂ। ਉਹ ਵੀ ਪੰਥ ਲਈ ਜੀਉਣਾ ਅਤੇ ਮਰਨਾ ਜਾਣਦੀਆਂ ਹਨ।

## ਪਿੰਡ ਤਾਜਪੁਰ ਕਲਾਂ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ

ਭਾਈ ਸੁਖਦੇਵ ਸਿੰਘ ਖ਼ਾਲਸਾ, ਅਰਜ਼ੀ ਨਵੀਸ ਬਿਨੈ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਤਾਜਪੁਰ ਕਲਾਂ ਨੇੜੇ ਕਸਬਾ ਹਰਿਆਣਾ (ਜ਼ਿਲਾ ਹੁਸ਼ਿਆਰਪੁਰ) ਵਿਖੇ ੧੯ ਨਵੰਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਤੇ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ, ਜਿਸ ਦੀ ਸਮਾਪਤੀ ਐਤਵਾਰ ਸਵੇਰੇ ਹੋਵੇਗੀ। ਸਮੂਹ ਗੁਰਸਿਖ ਸੰਗਤਾਂ ਦਰਸ਼ਨ ਦੇ ਕੇ ਸੇਵਕਾਂ ਨੂੰ ਨਿਵਾਜਣ। ਇਹ ਪਿੰਡ ਹੁਸ਼ਿਆਰਪੁਰ ਦਸੂਆ ਸੜਕ ਤੇ, ਹੁਸ਼ਿਆਰਪੁਰ ਤੋਂ ੧੨ ਮੀਟਰ ਹੈ। ੧੯ ਨਵੰਬਰ ਰਾਤ ਨੂੰ ੮ ਵਜੇ ਹੁਸ਼ਿਆਰਪੁਰ ਬਸ ਸਟੈਂਡ ਤੋਂ ਸੰਗਤਾਂ ਨੂੰ ਪਿੰਡ ਲਿਆਉਣ ਲਈ ਟਰੱਕ ਚਲੇਗਾ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ



www.AKJ.Org

# ਗੁਰਬਾਣੀ ਦਾ ਸਤਿਕਾਰ ਪਹਿਲੋਂ ਕਿ ਅੱਜ ?

ਅਜ ਤੋਂ ੮੯-੯੦ ਸਾਲ ਪਹਿਲਾਂ ਛਪੀ ਪੋਥੀ ਦਾ ਇਕ ਵਰਕਾ ਸਾਡੇ ਹੱਥ ਆਇਆ ਹੈ। ਸ਼ਬਦਾਰਥ ਈਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪੀ ਪੋਥੀ ਦਾ ਇਹ ਉਪਰਲਾ ਵਰਕਾ ਹੈ, ਜਿਸ ਦੇ ਦੋਹਾਂ ਪਾਸਿਆਂ ਦੀ ਹੂਬਹੂ ਨਕਲ ਹੇਠ ਦਿਤੀ ਜਾ ਰਹੀ ਹੈ–

ੴਸਤਿਗੁਰਪ੍ਰਸਾਦਿ॥

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੀ

## ਚੌਥੀ ਪੋਥੀ

ਗੁਰੂ ਜੀ ਮਹਾਰਾਜ ਦੇ ਪ੍ਰੇਮੀ ਸਿੰਘਾਂ ਦੇ ਲਾਭ ਲਈ

—o—

## ਸਤਿਗੁਰੂ ਦੇ ਉਪਾਸ਼ਕ, ਮੁਨਸ਼ੀ ਹੀਰਾ ਨੰਦ,

ਮਾਲਿਕ ਵਿੱਦਯਾ ਪ੍ਰਕਾਸ਼ਕ ਪ੍ਰੇਸ ਲਾਹੌਰ

## ਨੇ

## ਪ੍ਰੇਮ ਭਾਵਨਾ ਨਾਲ ਛਾਪੀ

ਯੰਤ੍ਰਾਲਯ ਵਿੱਦਯਾ ਪ੍ਰਕਾਸ਼ਕ,
...ਲਾਹੌਰ, ਦਰਵਾਜ਼ਾ ਸ਼ੇਰਾਂਵਾਲਾ, ਮਹੱਲਾ ਨਵਾਂ

ਦਫ਼ਤਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ
ਚੇਤ੍ਰ ਵਦੀ ੫ ਸੰਮਤ ੧੯੪੫
ਨਾਨਕ ਸ਼ਾਹੀ ੪੨੦

੧ ੴ ਸ੍ਰੀ ਵਾਹਗੁਰੂ ਜੀ ਕੀ ਫ਼ਤੇ

ਇਸ ਇਸ਼ਤਿਹਾਰ ਦ੍ਵਾਰਾ ਹਰ ਖ਼ਾਸ ਵ ਆਮ ਅੱਗੇ ਪ੍ਰਗਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪੋਥੀਆਂ ਨੂੰ ਇਕਤ੍ਰ ਕਰਕੇ ਇੱਕ ਜਿਲਦ ਕੋਈ ਨਾ ਕਰਾਵੇ, ਜੋ ਕੋਈ ਇਸ ਇਸ਼ਤਿਹਾਰ ਦੇ ਵਿਰੁੱਧ ਕਰੇਗਾ ਉਹ ਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਅਦਬੀ ਕਰਨ ਵਾਲਾ ਸਮਝਿਆ ਜਾਵੇਗਾ ਅਤੇ ਲੋਕ ਪਰਲੋਕ ਵਿੱਚ ਸਤਿਗੁਰੂ ਦਾ ਦੇਣਦਾਰ ਹੋਵੇਗਾ ਅਰ ਉਸ ਨੂੰ ਕਾਨੂਨ ਫੌਜਦਾਰੀ ਦੀਆਂ ਕਈ ਇਕ ਦਫ਼ਾਂ ਬਮੂਜਬ ਸਰਕਾਰ ਦੇ ਸਾਮ੍ਹਣੇ ਪੰਥ ਨੂੰ ਜਵਾਬ ਦੇਣਾ ਪਵੇਗਾ।

**ਦਸਤਖਤ**

ਸਰਦਾਰ ਮਾਨ ਸਿੰਘ ਸਾਹਿਬ ਸੀ.ਆਈ.ਈ.ਸਰਦਾਰ ਬਹਾਦਰ
ਮੇਹਜਰ ਰਸਾਲਦਾਰ
ਔਨਰੇਰੀ ਮਜਿਸਟਰੇਟ
ਸਰਬਰਾਹ ਗੁਰਦੁਆਰਿਆਨ ਸ੍ਰੀ ਅੰਮ੍ਰਿਤਸਰ
ਪ੍ਰੈਜ਼ੀਡੈਂਟ ਸਿੰਘ ਸਭਾ ਸ੍ਰੀ ਅੰਮ੍ਰਿਤਸਰ

ਇਸ ਸਰ-ਵਰਕ ਤੋਂ ਇਹ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮੀ ਸਿੰਘਾਂ ਦੇ ਲਾਭ ਲਈ ਪੋਥੀਆਂ ਦੇ ਰੂਪ ਵਿਚ ਬਾਣੀ ਨੂੰ ਛਾਪਿਆ ਗਿਆ ਹੈ ਅਤੇ ਇਹ ਉਨ੍ਹਾਂ ਪੋਥੀਆਂ ਵਿਚੋਂ ਚੌਥੀ ਪੋਥੀ ਦਾ ਉਪਰਲਾ ਟਾਈਟਲ ਹੈ।

ਪੋਥੀ ਦੇ ਇਸ ਟਾਈਟਲ ਦੇ ਅੰਦਰਲੇ ਪਾਸੇ ਜੋ ਆਮ ਸੰਗਤਾਂ ਲਈ "ਇਸ਼ਤਿਹਾਰ" ਦਿਤਾ ਹੋਇਆ ਹੈ, ਉਸ ਦੀ ਇਬਾਰਤ ਖ਼ਾਸ ਧਿਆਨ ਗੋਚਰੀ ਹੈ "ਕਿ ਇਨ੍ਹਾਂ ਪੋਥੀਆਂ ਨੂੰ ਇਕਤ੍ਰ ਕਰਕੇ ਇੱਕ ਜਿਲਦ ਕੋਈ ਨਾ ਕਰਾਵੇ, ਜੋ ਕੋਈ ਇਸ ਇਸ਼ਤਿਹਾਰ ਦੇ ਵਿਰੁਧ ਕਰੇਗਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਅਦਬੀ ਕਰਨ ਵਾਲਾ ਸਮਝਿਆ ਜਾਵੇਗਾ ਅਤੇ ਲੋਕ ਪਰਲੋਕ ਵਿਚ ਸਤਿਗੁਰੂ ਦਾ ਦੇਣਦਾਰ ਹੋਵੇਗਾ ਅਰ ਉਸ ਨੂੰ ਕਾਨੂਨ ਫੌਜਦਾਰੀ ਦੀਆਂ ਕਈ ਇਕ ਦਫ਼ਾ ਬਮੂਜਬ ਸਰਕਾਰ ਦੇ ਸਾਮ੍ਹਣੇ ਪੰਥ ਨੂੰ ਜਵਾਬ ਦੇਣਾ ਪਵੇਗਾ।"



www.AKJ.Org

ਬੀਤੇ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਿਰਧ ਬੀੜਾਂ ਦੀ ਹੋ ਰਹੀ ਸੇਵਾ ਸਮੇਂ ਦਾਸਾਂ ਨੇ ਇਨ੍ਹਾਂ ਪੁਰਾਤਨ ਪੋਥੀਆਂ ਦੇ ਦਰਸ਼ਨ ਕੀਤੇ ਸਨ। ਇਹ ਪੋਥੀਆਂ ਕਾਫ਼ੀ ਬਿਰਧ ਹੋ ਚੁਕੀਆਂ ਸਨ। ਇਨ੍ਹਾਂ ਪੋਥੀਆ ਦੀ ਚੌੜਾਈ ਅੰਦਾਜ਼ਨ ਸਾਢੇ ਛੇ ਇੰਚ ਹੈ ਅਤੇ ਲੰਬਾਈ ਦਸ ਇੰਚ ਹੈ। ਚਾਰ ਚਾਰ ਪੋਥੀਆਂ ਦੇ ਦੋ ਤਿੰਨ ਸੈਟ ਤਖ਼ਤ ਸਾਹਿਬ ਤੇ ਦੇਖੇ ਗਏ ਅਤੇ ਇਹ ਪੋਥੀਆਂ ਜੁੜਤ ਅੱਖਰਾਂ ਵਿਚ ਛਾਪੀਆਂ ਹੋਈਆਂ ਸਨ। ਪ੍ਰੇਮੀ ਸਿੰਘਾਂ ਦੇ ਪਾਠ ਸਿਖਣ ਸਿਖਾਣ ਲਈ ਇਹ ਪੋਥੀਆਂ ਛਾਪੀਆਂ ਗਈਆਂ ਦਿਸ ਰਹੀਆਂ ਹਨ।

ਅਜ ਤੋਂ ੯੦ ਸਾਲ ਪਹਿਲਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦਾ ਇਤਨਾ ਜ਼ਿਆਦਾ ਖ਼ਿਆਲ ਰਖਿਆ ਜਾਂਦਾ ਸੀ ਕਿ ਬੀੜ ਤੋਂ ਵਖ, ਛੋਟੇ ਅਕਾਰ ਵਿਚ ਜੋ ਪੋਥੀਆਂ ਛਪਣ ਉਹ ਕਿਸੀ ਹਾਲਤ ਵਿਚ ਵੀ ਇਕ ਜਿਲਦ ਵਿਚ ਨਹੀਂ ਕੀਤੀਆਂ ਜਾ ਸਕਦੀਆਂ, ਕਿਉਂਕਿ ਇਸ ਤਰ੍ਹਾਂ ਮਹਾਰਾਜ ਜੀ ਦਾ ਪੂਰਾ ਸਤਿਕਾਰ ਨਹੀਂ ਰਖਿਆ ਜਾ ਸਕਦਾ, ਬੇਅਦਬੀ ਹੋਣ ਦਾ ਤੌਖਲਾ ਹੈ। ਅਤੇ ਜੇ ਕੋਈ ਉਸ ਸਮੇਂ ਇਕ ਜਿਲਦ ਵਿਚ ਉਨ੍ਹਾਂ ਚੌਹਾਂ ਪੋਥੀਆਂ ਨੂੰ ਇਕੱਠਿਆਂ ਕਰਨ ਦਾ ਜਤਨ ਕਰਦਾ ਵੀ ਤਾਂ ਉਸ ਲਈ ਫ਼ੌਜਦਾਰੀ ਕਾਨੂੰਨ ਦੀਆਂ ਕਈ ਦਫਾਵਾਂ ਹੇਠ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਸੀ।

ਪਰ ਅੱਜ ਹਾਲਤ ਇਸ ਤੋਂ ਉਲਟ ਹੈ। ਅੱਜ ਉਸ ਪੋਥੀ ਸਾਈਜ਼ ਤੋਂ ਵੀ ਬਹੁਤ ਛੋਟੇ ਸਾਈਜ਼ ਵਿਚ, ਕਿਤਾਬਾਂ ਅਤੇ ਗੁਟਕੇ ਸਾਈਜ਼ ਵਿਚ ਪਾਵਨ ਬੀੜਾਂ ਛਾਪਣ ਦਾ ਵਪਾਰ, ਵਪਾਰੀ ਦੁਕਾਨਦਾਰਾਂ ਵਲੋਂ ਚਲ ਰਿਹਾ ਹੈ, ਜਿਸ ਨਾਲ ਸਰਾ-ਸਰ ਬੇਅਦਬੀ ਹੋ ਰਹੀ ਹੈ। ਨਾ ਪਲੰਘ, ਨਾ ਰੁਮਾਲੇ, ਨਾ ਚੌਰ, ਨਾ ਚੰਦੋਆ ਅਤੇ ਨਾ ਹੀ ਅਸਥਾਨ ਦੀ ਪਵਿਤਰਤਾ; ਕੁਝ ਵੀ ਨਹੀਂ। ਬਸ ਆਮ ਕਿਤਾਬਾਂ ਵਾਂਗ ਤੇੜੋਂ ਸਿਰੋਂ ਨੰਗੇ ਜੂਠੇ ਮੂਠੇ ਹੱਥਾਂ ਨਾਲ ਲਈ ਫਿਰਦੇ ਹਨ।

ਗੁਰਬਾਣੀ ਦੀ ਇਸ ਤਰ੍ਹਾਂ ਬੇਅਦਬੀ ਹੁੰਦੀ ਵੇਖ ਕੇ ਵੀ ਅਸੀਂ ਸ਼ਾਂਤ ਹਾਂ, ਸਾਡੇ ਤੇ ਕੋਈ ਅਸਰ ਨਹੀਂ, ਸਾਡੇ ਖ਼ੂਨ ਖੌਲਦੇ ਨਹੀਂ। ਸਤਿਗੁਰੂ ਪਾਤਸ਼ਾਹ ਦਾ ਇਸ ਤਰ੍ਹਾਂ ਅਪਮਾਨ ਹੋ ਰਿਹਾ ਹੋਵੇ ਤਾਂ ਸਾਡੀ ਗੁਰੂ ਪ੍ਰਤੀ ਕੀ ਸ਼ਰਧਾ ਹੋ ਸਕਦੀ ਹੈ ਅਤੇ ਸਾਡੇ ਹਿਰਦਿਆਂ ਵਿਚ ਕੀ ਸਤਿਕਾਰ ਹੋ ਸਕਦਾ ਹੈ।

੯੦ ਸਾਲ ਪਹਿਲਾਂ ਤਾਂ ਬੇਅਦਬੀ ਕਰਨ ਵਾਲਿਆਂ ਲਈ ਕਾਨੂੰਨ ਦਾ ਕੋਈ ਡੰਡਾ ਸੀ, ਪਰ ਅਜ ਕੋਈ ਕਾਨੂੰਨ ਵੀ ਗੁਰਬਾਣੀ ਦਾ ਸਤਿਕਾਰ ਕਾਇਮ ਕਰਨ ਲਈ ਸਹਾਇਤਾ ਨਹੀਂ ਕਰਦਾ।

ਫਿਰ ਦੇਖਣ ਵਿਚ ਆਇਆ ਹੈ ਕਿ ਉਦੋਂ ਪਾਠ ਸਿਖਣ ਲਈ ਪੋਥੀਆਂ ਵੀ ਜੁੜਤ ਅਖਰਾਂ ਵਿਚ ਛਪਦੀਆਂ ਸਨ ਅਤੇ ਪਦ-ਛੇਦ ਛਾਪਣ ਦੀ ਕੋਈ ਜੁਰਅਤ ਨਹੀਂ ਕਰਦਾ ਸੀ, ਪਰ ਹੁਣ ਪੋਥੀਆਂ ਤਾਂ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆ ਬੀੜਾਂ ਵੀ ਪਦ-ਛੇਦ ਰੂਪ ਵਿਚ ਛਾਪੀਆਂ ਜਾ ਰਹੀਆਂ ਹਨ। ਬਜ਼ਾਰੀ ਦੁਕਾਨਦਾਰਾਂ ਨੇ ਪੈਸਾ ਕਮਾਣ ਖ਼ਾਤਰ ਇਸ ਮਨਮਤਿ ਨੂੰ ਪਰਚਲਤ ਕੀਤਾ ਸੀ, ਹੁਣ ਸਾਡੀਆਂ ਪਰਮੁਖ ਸੰਸਥਾਵਾਂ ਸ਼ਰੋਮਣੀ ਕਮੇਟੀ ਵਰਗੀਆਂ ਵੀ ਇਸ ਮਨਮਤਿ ਨੂੰ ਫੈਲਾਉਣ ਵਿਚ ਭਾਗੀ ਬਣ ਰਹੀਆਂ ਹਨ ਅਤੇ ਜੁੜਤ ਬੀੜਾਂ ਦੀ ਥਾਂ ਪਦ-ਛੇਦ ਬੀੜਾਂ ਛਾਪ ਕੇ ਲੋਕਾਂ ਦੀ ਮੰਗ ਪੂਰੀ ਕਰ ਰਹੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਅੰਬਾਲਾ ਵੀ ਇਸ ਮਨਮਤਿ ਫੈਲਾਉਣ ਦੇ ਕਾਰਜ ਵਿਚ ਇਨ੍ਹਾਂ ਦਾ ਭਾਈਵਾਲ ਬਣ ਰਿਹਾ ਹੈ। ਲੋੜ ਤਾਂ ਸੀ ਕਿ ਭੁਲੇ ਲੋਕਾਂ ਨੂੰ ਗੁਰਮਤਿ ਦੀ ਸੋਧ ਦਿਤੀ ਜਾਂਦੀ ਅਤੇ ਇਸ ਮਨਮਤਿ ਵਾਲੇ ਵਹਿਣ ਤੋਂ ਰੋਕਿਆ ਜਾਂਦਾ; ਪਰ ਜਿਹੜੇ ਆਪ ਹੀ ਉਸ ਵਹਿਣ ਵਿਚ ਰੁੜ੍ਹ ਜਾਣ, ਫਿਰ ਉਨ੍ਹਾਂ ਤੋਂ ਕੀ ਆਸ ਰਖੀ ਜਾ ਸਕਦੀ ਹੈ? ਹਾਲਾਂ ਕਿ ਕੁਝ ਸਾਲ ਪਹਿਲਾਂ ਸ਼ਰੋਮਣੀ ਕਮੇਟੀ ਆਪਣੀ ਹਰ ਸਾਲ ਛਪਣ ਵਾਲੀ ਜੰਤਰੀ ਵਿਚ ਬਾਣੀ ਦੀ ਪਦ ਛੇਦ ਛਪਾਈ ਵਿਰੁਧ ਮਤੇ ਛਾਪਦੀ ਰਹੀ ਹੈ। ਇਹ ਮਤੇ ਪੰਥ ਦੀਆਂ ਨੁਮਾਇੰਦਾ ਜਮਾਤਾਂ ਚੀਫ਼ ਖ਼ਾਲਸਾ ਦੀਵਾਨ ਅਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਪੰਥਕ ਤੌਰ ਤੇ ਕਾਫ਼ੀ ਸਾਲ ਪਹਿਲਾਂ ਕੀਤੇ ਗਏ ਸਨ। ਪਾਠਕਾਂ ਦੀ ਗਿਆਤ ਲਈ ਉਹ ਮਤੇ ਅਗੇ ਸਤੰਬਰ ੭੬ ਵਿਚ 'ਸੂਰੇ' ਦੇ ਕਾਲਮਾਂ ਵਿਚ ਛਾਪੇ ਗਏ ਸਨ ਅਤੇ ਹੁਣ ਫਿਰ ਦੁਬਾਰਾ ਹੇਠਾਂ ਉਹ ਮਤੇ ਛਾਪੇ ਜਾ ਰਹੇ ਹਨ—



www.AKJ.Org

(੧) ਕਾਰਜ ਸਾਧਕ ਕਮੇਟੀ (ਚੀਫ ਖ਼ਾਲਸਾ ਦੀਵਾਨ) ਦਾ ਮਤਾ ਨੰਬਰ ੨੬੯੨ ਮਿਤੀ ੨੧ ਜਨਵਰੀ ੧੯੪੫–

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਹੋਣ ਸੰਬੰਧੀ ਮੁਆਮਲਾ ਸਲਾਹਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ, ਆਗਿਆ ਹੋਈ ਕਿ ਨਾ ਹੀ ਐਸੀ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ ਤੇ ਪਦ-ਛੇਦ ਕਰ ਕੇ ਸਾਰੀ ਬੀੜ ਇਕ ਜਿਲਦ ਵਿਚ ਛਪਣੀ ਨਾ-ਮੁਨਾਸਬ ਹੈ, ਤੇ ਪੰਥ ਲਈ ਹਾਨੀਕਾਰਕ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫ਼ੈਸਲੇ ਦੀ ਨਕਲ ਭੇਜੀ ਜਾਵੇ ਤੇ ਆਮ ਅਖ਼ਬਾਰਾਂ ਵਿਚ ਵੀ ਪ੍ਰਕਾਸ਼ਤ ਕੀਤੀ ਜਾਵੇ।

(੨) ਗੁਰਮਤਾ ਨੰਬਰ ੭ ਤ੍ਰੀਕ ੧-੧-੧੯੫੦ ਧਾਰਮਿਕ ਕਮੇਟੀ, ਸ਼ਰੋਮਣੀ ਗੁ: ਪ੍ਰ: ਕਮੇਟੀ–

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸਬੰਧੀ ਸ਼ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਗੁਰਮਤਾ ਨੰਬਰ ੧੬੩੭ ਮਿਤੀ ੨੮-੫-੪੦, ਜਿਸ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁਛੀ ਗਈ ਸੀ, ਪੇਸ਼ ਹੋ ਕੇ ਪਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫ਼ੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਨੂੰ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਅਜ ਤੋਂ ੩੦-੪੦ ਸਾਲ ਪਹਿਲਾਂ ਤਾਂ ਪਦ-ਛੇਦ ਬੀੜਾਂ ਦਾ ਪ੍ਰਕਾਸ਼ ਕਰਨਾ ਇਨ੍ਹਾਂ ਦੋਹਾਂ ਮੁਖੀ ਸੰਸਥਾਵਾਂ ਦੀ ਰਾਏ ਅਨੁਸਾਰ ਪੰਥ ਲਈ ਹਾਨੀਕਾਰਕ ਤੇ ਨਾ-ਮੁਨਾਸਬ ਸੀ; ਪਰ ਅਜ ਉਹ ਗੁਣਕਾਰੀ ਤੇ ਮੁਨਾਸਬ ਕਿਵੇਂ ਹੋ ਗਿਆ? ਕੀ ਅਯੋਗ ਗੱਲ 'ਯੋਗ' ਬਣ ਜਾਂਦੀ ਹੈ ਅਤੇ ਮਨਮਤਿ 'ਗੁਰਮਤਿ' ਬਣ ਸਕਦੀ ਹੈ?

ਫਿਰ ਸ਼ਰੋਮਣੀ ਕਮੇਟੀ ਨੇ ਆਪਣੇ ਮਤੇ ਵਿਚ ਪਾਸ ਕੀਤਾ ਸੀ ਕਿ "ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫ਼ੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਨੂੰ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।" ਕੀ ਸ਼ਰੋਮਣੀ ਕਮੇਟੀ ਦਸ ਸਕਦੀ ਹੈ ਕਿ ਕਮੇਟੀ ਨੇ ਪਦ-ਛੇਦ ਛਾਪਣ ਲਗਿਆਂ ਕਿਹੜਾ ਪੰਥਕ ਇਕੱਠ ਕੀਤਾ, ਕਦੋਂ ਤੇ ਕਿਥੇ ਉਹ ਇਕੱਠ ਸਦਿਆ ਗਿਆ ਅਤੇ ਕਿਹੜੀਆਂ ਕਿਹੜੀਆਂ ਸੰਸਥਾਵਾਂ ਉਸ ਵਿਚ ਸ਼ਾਮਲ ਹੋਈਆਂ ਸਨ? ਨਾ ਹੀ ਕੋਈ ਇਕੱਤਰਤਾ ਬੁਲਾਈ ਗਈ ਤੇ ਨਾ ਹੀ ਕੋਈ ਪੰਥਕ ਇਕੱਠ ਹੋਇਆ ਅਤੇ ਆਪੇ ਹੀ ਕਮੇਟੀ ਨੇ ਆਪਣੇ ਮਤੇ ਦੀ ਉਲੰਘਣਾ ਕਰ ਕੇ ਪਦ-ਛੇਦ ਬੀੜ ਲਈ। ਜੋ ਘੋਰ ਅਪਰਾਧ ਹੈ।

ਜਿਹੜੀਆਂ ਸੰਸਥਾਵਾਂ ਇਸ ਤਰ੍ਹਾਂ ਮਨਮਤਿ ਨੂੰ ਰੋਕਣ ਲਈ ਜ਼ਿਮੇਵਾਰ ਹੋਣ, ਜੇ ਉਹ ਆਪ ਹੀ ਪਦ-ਛੇਦ ਬੀੜਾਂ ਛਾਪਣੀਆਂ ਅਰੰਭ ਕਰ ਦੇਣ ਤਾਂ ਫਿਰ ਕਿਸ ਤੋਂ ਆਸ ਰਖੀਏ ਕਿ ਉਹ ਕੌਮ ਵਿਚ ਵਾਪਰ ਰਹੀ ਇਸ ਅਧੋਗਤੀ ਤੋਂ ਬਚਾਏਗਾ।

ਇਸ ਹਾਲਤ ਵਿਚ ਕੀ ਅਸੀਂ ਆਸ ਰਖ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹ ਬਹੁਤ ਛੋਟੇ ਛੋਟੇ ਸਰੂਪ ਛਾਪ ਕੇ ਜੋ ਬੇਅਦਬੀ ਕੀਤੀ ਜਾ ਰਹੀ ਹੈ, ਇਸ ਨੂੰ ਰੋਕਣ ਦਾ ਕੋਈ ਭਰਪੂਰ ਉਪਰਾਲਾ ਕਰੇਗਾ?

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਅਸੀਂ ਕਾਇਮ ਨਹੀਂ ਰਖ ਸਕਾਂਗੇ ਤਾਂ ਸਾਡਾ ਵੀ ਕੋਈ ਠਿਕਾਣਾ ਨਹੀਂ।


www.AKJ.Org

# ਜਹਾਂ ਜਹਾਂ ਖ਼ਾਲਸਾ ਜੀ ਸਾਹਿਬ
# ਤਹਾਂ ਤਹਾਂ ਰਛਿਆ ਰਿਆਇਤ ॥

ਪਿਛਲੇ ਕੁਝ ਮਹੀਨਿਆਂ ਤੋਂ ਦੇਸ ਅਤੇ ਪਰਦੇਸ ਦੇ ਅਖ਼ਬਾਰਾਂ ਰਸਾਲਿਆਂ ਵਿਚ ਭਾਈ ਸਾਹਿਬ ਹਰਭਜਨ ਸ਼ਿੰਘ ਜੀ ਯੋਗੀ ਦੁਆਰਾ ਅਮਰੀਕਾ ਵਿਚ ਕੀਤੇ ਗਏ ਸਿਖੀ ਪਰਚਾਰ ਬਾਰੇ ਸੂਚਨਾਵਾਂ ਅਤੇ ਲੇਖ ਛਪੇ ਹਨ। ਕੁਝ ਲੇਖਕਾਂ ਨੇ ਭਾਈ ਸਾਹਿਬ ਵਲੋਂ ਕੀਤੇ ਮਹਾਨ ਕਾਰਜ ਦੀ ਪ੍ਰਸੰਸਾ ਕੀਤੀ ਹੈ ਅਤੇ ਕਈਆਂ ਨੇ ਈਰਖਾ ਦੀ ਭਾਵਨਾ ਅਧੀਨ ਉਨ੍ਹਾਂ ਤੇ ਚਿਕੜ ਉਛਾਲ ਕੇ, ਉਨ੍ਹਾ ਨੂੰ ਬਦਨਾਮ ਕਰਨ ਦਾ ਤੇ ਉਨ੍ਹਾਂ ਦੀ ਘਾਲਣਾ ਨੂੰ ਛੁਟਿਆਉਣ ਦਾ ਜਤਨ ਕੀਤਾ ਹੈ।

ਸਿਖ ਜਗਤ ਵਿਚ ਭਾਈ ਹਰਭਜਨ ਸਿੰਘ ਜੀ ਯੋਗੀ ਦੀ ਜ਼ਾਤ ਬਾਰੇ ਕੋਈ ਜਾਣੂ ਹੋਵੇ ਭਾਵੇਂ ਨਾ, ਕੋਈ ਉਨ੍ਹਾਂ ਦਾ ਵਿਰੋਧੀ ਹੋਵੇ ਭਾਵੇਂ ਹਿਤੂ, ਪਰ ਉਨ੍ਹਾਂ ਵਲੋਂ ਕੀਤੇ ਗਏ ਸਿਖੀ ਪਰਚਾਰ ਦੇ ਮਹਾਨ ਕਾਰਜ ਅਤੇ ਇਸ ਪੱਖ ਵਿਚ ਹੋਈਆਂ ਪ੍ਰਾਪਤੀਆਂ ਬਾਰੇ ਕੋਈ ਵੀ ਪ੍ਰਭਾਵਤ ਹੋਏ ਬਿਨਾਂ ਰਹਿ ਨਹੀਂ ਸਕਦਾ। ਅਮਰੀਕਾ ਵਰਗੇ ਮਾਦਾ-ਪ੍ਰਸਤ ਅਤੇ ਐਸ਼-ਪ੍ਰਸਤ ਦੇਸ ਅੰਦਰ ਏਡੀ ਭਾਰੀ ਗਿਣਤੀ ਵਿਚ ਯੁਵਕਾਂ ਅਤੇ ਯੁਵਤੀਆਂ ਨੂੰ ਗੁਰੂ ਮਿਹਰ ਸਦਕਾ ਐਸ਼-ਇਸ਼ਰਤ ਦੀ ਜਿਲ੍ਹਣ ਵਿਚੋਂ ਕੱਢ ਕੇ, ਸਿੱਖੀ ਵਲ ਪ੍ਰੇਰਤ ਕਰਨ, ਅਤੇ ਉਨ੍ਹਾਂ ਨੂੰ ਸਿੰਘ ਸਜਾਉਣ ਦਾ ਸਿਹਰਾ ਇਸ ਮਹਾਨ ਉਸਰਈਏ ਦੇ ਸਿਰ ਹੈ। ਅਮਰੀਕਾ ਦੇ ਇਹ ਜੁਆਨ ਮੁੰਡੇ ਅਤੇ ਕੁੜੀਆਂ ਸਿੰਘ ਸਜੇ ਹੀ ਨਹੀਂ, ਸਗੋਂ ਅਸਲੀ ਅਰਥਾਂ ਵਿਚ ਸਿੱਖੀ ਜੀਵਨ ਦੇ ਧਾਰਨੀ ਹੋਏ ਹਨ। ਉਨ੍ਹਾਂ ਦਾ ਸਿੱਖੀ ਬਾਣਾ, ਅੰਮ੍ਰਿਤ ਵੇਲੇ ਦਾ ਜਾਗਣ, ਨਿਤਨੇਮ, ਰਹਿਤ ਬਹਿਤ ਵਿਚ ਪਰਪੱਕਤਾ ਆਦਿ ਗੁਣਾਂ ਨੇ ਉਨ੍ਹਾਂ ਨੂੰ ਸਿਖ ਪੰਥ ਵਿਚ ਸਤਿਕਾਰ ਯੋਗ ਅਸਥਾਨ ਤੇ ਲਿਆ ਖੜਾ ਕੀਤਾ ਹੈ। ਵਰਤਮਾਨ ਸਦੀ ਵਿਚ ਸਿਖੀ ਦੇ ਅਨੁਆਈਆਂ ਵਿਚੋਂ ਧਰਮ ਪਰਚਾਰ ਖੇਤਰ ਵਿਚ ਏਡੀ ਵਡੀ ਪ੍ਰਾਪਤੀ ਸ਼ਾਇਦ ਕਿਸੇ ਨੂੰ ਨਹੀਂ ਹੋਈ। ਸੋ ਇਸ ਅਧਾਰ ਤੇ ਜੇ ਇਹ ਕਿਹਾ ਜਾਵ ਕਿ ਇਸ ਗੁਰੂ ਕੇ ਸਿਖ ਦੀ ਪਰਚਾਰ-ਕਲਾ ਵਿਚ ਕ੍ਰਿਸ਼ਮਾ ਹੈ ਤਾਂ ਇਹ ਅਤ-ਕਥਨੀ ਨਹੀਂ ਹੋਵੇਗੀ। ਇਸ ਸਭ ਕੁਝ ਤੋਂ ਭਾਈ ਹਰਭਜਨ ਸਿੰਘ ਜੀ ਯੋਗੀ ਦੀ ਸਿੱਖੀ ਲਈ ਗੂੜ੍ਹੀ ਲਗਨ, ਉਦਮ ਅਤੇ ਉਤਸ਼ਾਹ ਬਾਰੇ ਭਲੀ ਪਰਕਾਰ ਗਿਆਤ ਹੁੰਦੀ ਹੈ। ਇਸ ਪੱਖ ਤੋਂ ਭਾਈ ਸਾਹਿਬ ਦੇ ਕਟੜ ਵਿਰੋਧੀ ਵੀ ਉਨ੍ਹਾਂ ਦੀ ਪਰਸੰਸਾ ਕੀਤੇ ਬਗ਼ੈਰ ਨਹੀਂ ਰਹਿ ਸਕਦੇ।

ਭਾਈ ਸਾਹਿਬ ਜੀ ਦੀ ਧਰਮ ਪਰਚਾਰ-ਖੇਤਰ ਵਿਚ ਅਣਥੱਕ ਸੇਵਾ ਨੂੰ ਮੁਖ ਰਖ ਕੇ, ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਵਲੋਂ "ਭਾਈ ਸਾਹਿਬ" ਦੇ ਨਾਮ ਨਾਲ ਸਨਮਾਨਤ ਕੀਤਾ ਗਿਆ। ਇਸ ਸਨਮਾਨ ਦੇ ਪੇਸ਼ੇ-ਨਜ਼ਰ ਆਪ ਜੀ ਦੀ ਘਾਲਣਾ ਪੰਥ ਪਰਵਾਨਿਤ ਹੋਈ। ਹੁਣ ਉਨ੍ਹਾਂ ਦੀ ਵਿਰੋਧਤਾ ਕੇਵਲ ਇਸ ਲਈ ਕਿ ਉਹ ਸਿਖੀ ਦਾ ਪਰਚਾਰ ਪਿਆਰ ਅਤੇ ਲਗਨ ਨਾਲ ਕਰ ਰਹੇ ਹਨ, ਸਿਖੀ ਦੇ ਵਿਰੋਧੀਆਂ ਦੀ ਕੁਟਿਲ ਚਾਲ ਹੈ।

ਸਿਖੀ ਦੇ ਵਿਰੋਧੀਆਂ ਨੂੰ ਸਿੱਖੀ ਦਾ ਪਰਫੁਲਤ ਹੋਣਾ ਕਦਾਚਿਤ ਨਹੀਂ ਭਾਉਂਦਾ ਤੇ ਉਹ ਸਿੱਖੀ ਵਿਕਾਸ ਦੇ ਰਾਹ ਵਿਚ ਰੋੜਾ ਅਟਕਾਉਣ ਲਈ ਕਈ ਝੂਠ ਸਚ ਘੜਨ ਦੇ ਆਹਰ ਵਿਚ ਲਗੇ ਹੋਏ ਹਨ। ਇਨ੍ਹਾਂ ਕੁਟਿਲ ਚਾਲਾਂ ਤੋਂ ਖਬਰਦਾਰ ਰਹਿਣ ਅਤੇ ਬਚਣ ਦਾ ਲੋੜ ਹੈ। ਨਹੀਂ, ਸਗੋਂ ਇਕ ਮੁੱਠ ਹੋ ਕੇ ਸਮੁੱਚੇ ਪੰਥ ਨੂੰ ਅਜਿਹੀਆਂ ਮਾਰੂ ਚਾਲਾਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਵਿਰੋਧੀ ਪ੍ਰਾਪੇਗੰਡੇ ਵਿਚ ਕੁਝ ਅਜਿਹੀਆਂ ਗੱਲਾਂ ਹਨ, ਜੋ ਸ੍ਰੀਹਨ ਨਿਰਮੂਲ ਅਤੇ ਗਲਤ ਜਾਪਦੀਆਂ ਹਨ। ਵਿਰੋਧਤਾ ਦੀ ਭਾਵਨਾ ਨਾਲ ਲਗਾਏ ਗਏ ਬਾਕੀ ਦੋਸ਼ਾਂ ਬਾਰੇ ਵੀ ਪੰਥਕ ਸੰਸਥਾਵਾਂ ਨੂੰ ਆਪਣੇ ਤੌਰ ਤੇ ਪੂਰੀ ਜਾਂਚ ਕਰਵਾ ਕੇ ਸੱਚਾਈ ਅਤੇ ਅਸਲੀਅਤ ਦਾ ਨਿਰਣਾ ਕਰਨਾ ਚਾਹੀਦਾ ਹੈ।



www.AKJ.Org

ਕੁਝ ਅਜਿਹੀਆਂ ਗੱਲਾਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਬਾਰੇ ਸਾਰੀਆਂ ਪੰਥਕ ਸੰਸਥਾਵਾਂ ਅਤੇ ਭਾਈ ਸਾਹਿਬ ਹਰਭਜਨ ਸਿੰਘ ਯੋਗੀ ਵਿਚਕਾਰ ਸਿਧਾਂਤਕ ਮਸਲਿਆਂ ਬਾਰੇ ਵਿਚਾਰਾਂ ਦਾ ਵਖੇਵਾਂ ਜਾਂ ਮਤਭੇਦ ਹੋਵੇ । ਇਹ ਮਤਭੇਦ ਪਰਸਪਰ ਵਿਚਾਰ-ਵਟਾਂਦਰੇ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਭਾਈ ਸਾਹਿਬ ਨੂੰ ਸਮਝਾਇਆ ਜਾ ਸਕਦਾ ਹੈ। ਤੱਤ-ਗੁਰਮਤਿ ਦੇ ਨੇੜੇ ਲਿਆਇਆ ਜਾ ਸਕਦਾ ਹੈ, ਪਰ ਇਹ ਸਾਡਾ ਅੰਦਰਲਾ ਘਰ ਦਾ ਮਸਲਾ ਹੈ। ਅਸੀਂ ਬੈਠ ਕੇ ਨਜਿਠ ਸਕਦੇ ਹਾਂ। ਜਿੰਨੀ ਛੇਤੀ ਅਸੀਂ ਵਕਤ ਸੰਭਾਲ ਲਈਏ, ਉਨਾ ਚੰਗਾ ਹੋਵੇਗਾ।

ਅਮਰੀਕਾ ਨਿਵਾਸੀ ਸਿੰਘ, ਸਿਖ ਧਰਮ ਦੇ ਧਾਰਨੀ ਹੋ ਕੇ (ਕਿਸੇ ਵਿਅਕਤੀ ਦੇ ਨਹੀਂ) ਗੁਰੂ ਕੇ ਸਿੰਘ ਸਜ ਗਏ ਹਨ। ਇਸ ਲਈ ਉਹ ਸਰਬਤ ਖ਼ਾਲਸੇ ਦਾ ਅਨਿਖੜਵਾਂ ਅੰਗ ਹੋ ਗਏ ਹਨ। ਸੋ ਇਸ ਨਾਤੇ ਸਮੂਹ ਸਿਖ ਜਗਤ ਦਾ, ਸਮੂਹ ਪੰਥ ਹਿਤੈਸ਼ੀਆਂ ਦਾ ਇਹ ਪ੍ਰਮੁਖ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਸਿਖੀ ਸਿਦਕ ਤੇ ਸਰੂਪ ਦੀ ਸ਼ਾਨ ਨੂੰ ਬਰਕਰਾਰ ਰਖਣ ਲਈ, ਉਨ੍ਹਾਂ ਅੰਦਰ ਪਰਜੁਅਲਤ ਹੋਈ ਸਿਖੀ ਦੀ ਪ੍ਰੇਮ-ਚਿਣਗ ਨੂੰ ਹੋਰ ਪਰਚੰਡ ਕਰਨ ਲਈ, ਹਰ ਮੈਦਾਨ ਸਹਾਈ ਹੋਇਆ ਜਾਵੇ, ਉਨ੍ਹਾਂ ਦੀ ਬਾਂਹ ਫੜੀ ਜਾਵੇ। ਇਸ ਨਾਲ ਸਿਖੀ ਦਾ ਵਿਕਾਸ ਹੋਵੇਗਾ ਤੇ ਗੁਰੂ ਦੀਆਂ ਖ਼ੁਸ਼ੀਆ ਪ੍ਰਾਪਤ ਹੋਣਗੀਆਂ।

ਸਿਖ ਸੇਵਕ ਸੁਸਾਇਟੀ ਵਨਕੋਵਰ ਕੈਨੇਡਾ ਵਲੋਂ ਇਕ ਗਸ਼ਤੀ ਚਿੱਠੀ ਸਾਹਮਣੇ ਆਈ ਹੈ। ਉਸ ਵਿਚ ਭਾਈ ਹਰਭਜਨ ਸਿੰਘ ਜੀ ਯੋਗੀ ਅਤੇ ਉਸ ਦੇ ਕੀਤੇ ਜਾ ਰਹੇ ਉਦਮ ਬਾਰੇ ਹੇਠ ਲਿਖੇ ਵਿਚਾਰ ਪ੍ਰਗਟ ਕੀਤੇ ਗਏ ਹਨ—

''ਪਛਮੀ ਦੇਸਾਂ ਵਿਚ, ਖ਼ਾਸ ਕਰਕੇ ਅਮਰੀਕਾ ਅਤੇ ਕੈਨੇਡਾ ਵਿਚ ਪਿਛਲੇ ਅੱਠ ਸਾਲਾਂ ਵਿਚ ਭਾਈ ਸਾਹਿਬ ਭਾਈ ਹਰਭਜਨ ਸਿੰਘ ਜੀ ਯੋਗੀ ਨੇ ਬੜੇ ਸੁਚੱਜੇ ਢੰਗ ਨਾਲ ਸਿੱਖੀ ਦਾ ਪਰਚਾਰ ਕੀਤਾ ਅਤੇ ਹਜ਼ਾਰਾਂ ਹੀ ਗੋਰੇ ਤਿਆਰ-ਬਰ-ਤਿਆਰ ਸਿੰਘ ਅਤੇ ਸਿੰਘਣੀਆਂ ਸਜ ਕਰ ਸਿਖ ਪੰਥ ਵਿਚ ਸ਼ਾਮਲ ਹੋ ਗਏ ਹਨ ਅਤੇ ਹੋ ਰਹੇ ਹਨ। ਯੋਗੀ ਜੀ ਇਨ੍ਹਾਂ ਨਵੇਂ ਸਜੇ ਸਿੰਘਾਂ ਅਤੇ ਸਿੰਘਣੀਆਂ ਨੂੰ ਸ੍ਰੀ ਅੰਮ੍ਰਿਤਸਰ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਅਤੇ ਤਖ਼ਤ ਸਾਹਿਬਾਨ ਦੀ ਮਹੱਤਤਾ ਦਸਾ ਕਰ, ਲਗਾਤਾਰ ਭਾਰਤ ਵਿਚ ਯਾਤਰਾ ਲਈ ਭੇਜ ਰਹੇ ਹਨ, ਤਾਕਿ ਇਨ੍ਹਾਂ ਦਾ ਸਬੰਧ ਸ੍ਰੀ ਅੰਮ੍ਰਿਤਸਰ ਨਾਲ ਜੁੜ ਜਾਵੇ ਅਤੇ ਦੇਸ ਵਿਚ ਵੀ ਸਿਖੀ ਦੀ ਢਹਿੰਦੀ ਕਲਾ ਦੀ ਰਹਿਤ ਮਰਯਾਦਾ ਨੂੰ ਮੋੜਾ ਪਵੇ।

''ਇਸ ਪਰਚਾਰ ਵਿਚ ਗੁਰੂ ਮਹਾਰਾਜ ਜੀ ਦਾ ਹੱਥ ਯੋਗੀ ਜੀ ਦੇ ਸਿਰ ਤੇ ਹੈ। ਯੋਗੀ ਜੀ ਆਪਣੇ ਆਪ ਨੂੰ ਇਕ ਪਰਚਾਰਕ ਹੀ ਦਸਦੇ ਹਨ... ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਚਰਨੀਂ ਮੱਥਾ ਟੇਕਣ ਲਈ ਦਸਦੇ ਹਨ। ਅਤੇ ਜਿਵੇਂ ਕਿ ਗੁਰੂ ਸਾਹਿਬਾਨ ਜੀ ਦੇ ਸਮੇਂ ਭੀ ਸਿੱਖਾਂ ਨੂੰ ਸਰੀਰਕ ਤੌਰ ਤੇ ਬਲਵਾਨ ਰਖਣੇ ਲਈ ਜਿਸਮਾਨੀ ਕਸਰਤ ਕਰਨੀ ਜ਼ਰੂਰੀ ਸਮਝੀ ਜਾਂਦੀ ਸੀ, ਉਸੇ ਤਰ੍ਹਾਂ ਯੋਗੀ ਜੀ ਜਿਸਮਾਨੀ ਕਸਰਤ ਕਰ੍ਹਨਾ ਭੀ ਸਿਖਾਂਦੇ ਹਨ, ਜਿਸ ਨੂੰ ਉਹ ''ਯੋਗਾ'' ਆਖਦੇ ਹਨ। ਇਹ ਯੋਗ ਉਹ ਨਹੀਂ, ਜੋ ਕਿ ਯੋਗੀਆਂ ਵਾਲਾ ਰਿਧੀਆਂ ਸਿਧੀਆਂ ਜਾਂ ਆਸਣਾਂ ਵਾਲਾ ਮਾਰਗ ਹੈ। ਇਹ ਯੋਗ ਦੀਆਂ ਜਿਸਮਾਨੀ ਕਸਰਤਾਂ ਘਰ ਦੇ ਅੰਦਰ ਹੀ ਆਸਾਨੀ ਨਾਲ ਕਰ ਲਈਦੀਆਂ ਹਨ। ਸਿਰਫ਼ ੧੫ ਜਾਂ ੨੦ ਮਿੰਟ ਵਿਚ ਸਰੀਰਕ ਕਸਰਤ ਹੋ ਜਾਂਦੀ ਹੈ। ਅਮਰੀਕਨਾਂ ਦੇ ਸਿੰਘ ਸਜਣ ਨਾਲ, ਦੇਸ ਤੋਂ ਆਏ ਹੋਏ ਕੇਸਾਧਾਰੀ ਸਿਖਾਂ ਨੂੰ ਬਹੁਤ ਮਦਦ ਮਿਲ ਰਹੀ ਹੈ ਅਤੇ ਰਹਿਤ ਮਰਯਾਦਾ ਨੂੰ ਤਿਆਗ ਚੁਕੇ ਸਿਖਾਂ ਵਿਚ ਦੁਬਾਰਾ ਰਹਿਤ ਮਰਯਾਦਾ ਵਿਚ ਪਕੇ ਹੋਣ ਦੀ ਪ੍ਰੇਰਨਾ ਜਾਗੀ ਹੈ।''

ਅਕਾਲੀ ਪੱਤਰਕਾ ਜਲੰਧਰ ੨੮ ਅਕਤੂਬਰ ੧੯੭੭ ਵਿਖੇ ਯੋਗੀ ਜੀ ਦਾ ਹੇਠ ਲਿਖਿਆ ਬਿਆਨ ਛਪਿਆ ਹੈ :—

ਅੰਮ੍ਰਿਤਸਰ ੨੭ ਅਕਤੂਬਰ—ਅਮਰੀਕਾ ਵਿਚ ਸਿਖ ਲਹਿਰ ਦੇ ਮੁਖੀ ਯੋਗੀ ਹਰਭਜਨ ਸਿੰਘ ਨੇ ਇਕ ਮੁਲਾਕਾਤ ਵਿਚ ਕਿਹਾ ਹੈ ਕਿ ''ਮੇਰੇ ਬਾਰੇ



www.AKJ.Org

ਇਥੇ ਜੋ ਵਾਦ ਵਿਵਾਦ ਚਲ ਰਿਹਾ ਹੈ ਉਸ ਬਾਰੇ ਮੇਰੀ ਪੇਸ਼ਕਸ਼ ਹੈ ਕਿ ਭਾਰਤ ਤੋਂ ਪੰਜ ਸਿੰਘ ਅਮਰੀਕਾ ਭੇਜੇ ਜਾਣ। ਉਹ ਮੇਰੇ ਬਾਰੇ ਜਾਂਚ ਕਰਨ ਅਤੇ ਉਹਨਾਂ ਦੀ ਰਿਪੋਰਟ ਦੇ ਅਧਾਰ ਤੇ ਮੇਰੇ ਬਾਰੇ ਕੋਈ ਨਿਰਣਾ ਕੀਤਾ ਜਾਵੇ।''

ਅਮਰੀਕਾ ਕੈਨੇਡਾ ਵਿਚ ਸਿਖੀ ਪਰਚਾਰ ਦੀ ਜੋ ਲਹਿਰ ਚਲ ਪਈ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜੋ ਅਮਰੀਕਨ ਨੌਜਵਾਨ ਸਿਖੀ ਅਪਣਾ ਰਹੇ ਹਨ, ਉਹ ਅਖੋਂ ਉਹਲੇ ਨਹੀਂ ਕੀਤਾਜਾ ਸਕਦਾ। ਵਿਰੋਧਤਾ ਤੇ ਈਰਖਾ ਦੇ ਅਸਰ ਹੇਠ ਭਾਵੇਂ ਕੋਈ ਕੁਝ ਕਹਿੰਦਾ ਫਿਰੇ, ਪਰ ਇਹ ਹਕੀਕਤ ਹੈ ਕਿ ਸਿਖ ਜਗਤ ਵਿਚ ਇਸ ਦਾ ਗੂੜ੍ਹਾ ਪ੍ਰਭਾਵ ਪੈ ਰਿਹਾ ਹੈ। ਸਿਖੀ ਪਰਚਾਰ ਤੇ ਸੁਧਾਰ ਦੀ ਇਸ ਲਹਿਰ ਨੂੰ ਸੰਭਾਲਣ ਦੀ ਲੋੜ ਹੈ, ਤਾਕਿ ਸਾਰੇ ਸੰਸਾਰ ਵਿਚ ਗੁਰਸਿਖੀ ਪਰਫੁਲਤ ਹੋਵੇ। ਅਸੀਂ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਜੋਦੜੀ ਕਰਦੇ ਹਾਂ ਕਿ ਉਹ ਆਪਣੇ ਇਸ ਮਹਾਨ ਕਾਰਜ ਵਿਚ ਆਪਣੇ ਸੇਵਕਾਂ ਦੀ ਹਰ-ਬਾਬ ਰਖਿਆ ਕਰਨ ਅਤੇ ਵਿਰੋਧੀਆਂ ਨੂੰ ਨੂੰ ਭੀ ਸੁਮੱਤ ਬਖ਼ਸ਼ਣ।

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ
ਸਭਿ ਲਗੇ ਤੇਰੀ ਸੇਵਿ ॥੧॥ ਰਹਾਉ॥

[ਆਸਾ ਮ: ੫, ਪੰਨਾ ੪੦੬

ਅਤੇ—ਧਰਮ ਰਾਜਾ ਬਿਸਮਾਦੁ ਹੋਆ
ਸਭ ਪਈ ਪੈਰੀ ਆਇ ॥੨॥ (੪੦੬)

ਗੁਰੂ ਮਹਾਰਾਜ ਦੇ ਗੁਰਬਾਣੀ ਅੰਦਰ ਉਚਾਰਨ ਕੀਤੇ ਹੋਏ ਉਪਰੋਕਤ ਮਹਾਂ ਵਾਕ ਜ਼ਰੂਰ ਪੂਰੇ ਹੋਣੇ ਹਨ। ਇਨ੍ਹਾਂ ਦੀ ਸਚਾਈ ਉਤੇ ਕੋਈ ਕਿੰਤੂ ਨਹੀਂ ਕਰ ਸਕਦਾ। ਜ਼ਰੂਰ ਹੀ ਸਾਰੀ ਸ੍ਰਿਸ਼ਟੀ ਗੁਰੂ ਨਾਨਕ ਦੇ ਮਿਸ਼ਨ ਨੂੰ ਗ੍ਰਹਿਣ ਕਰ ਕੇ, ਭਾਵ ਸਿੰਘ ਸਜ ਕੇ, ਗੁਰੂ ਨਾਨਕ ਸਾਹਿਬ ਦੇ ਚਰਨੀਂ ਲਗੇਗੀ ਅਤੇ ਓਦੋਂ ਧਰਮ ਰਾਜਾ ਹੈਰਾਨ ਹੋਵੇਗਾ। ਇਸ ਬਿਧ ਹੀ ਗੁਰੂ ਨਾਨਕ ਸਾਹਿਬ ਦੁਆਰਾ ਸਾਰੇ ਕਲਜੁਗੀ ਜੀਵਾਂ ਦਾ ਉਧਾਰ ਹੋਣਾ ਹੈ।

## ਪਿੰਡ ਪਰਤਾਬਪੁਰ (ਫ਼ਿਲੌਰ) ਵਿਖੇ ਅਖੰਡ ਕੀਰਤਨ ਤੇ ਰੈਣ-ਸਬਾਈ

ਸਮੂਹ ਸੰਗਤਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ੧੯ ਨਵੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਦੀਆਂ ਗੂੰਜਾਂ ਗੂੰਜਣਗੀਆਂ। ਅਤਵਾਰ ਸਵੇਰੇ ਭੋਗ ਪੈਣਗੇ। ਸਾਰੇ ਗੁਰਸਿਖ ਵੀਰ ਭੈਣਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨ।

ਪਿੰਡ ਪਰਤਾਬਪੁਰ ਫ਼ਿਲੌਰ ਨੂਰ ਮਹੱਲ ਰੋਡ ਤੇ ਫ਼ਿਲੌਰ ਤੋਂ ਪੰਜ ਮੀਲ ਹੈ। ਫਿਲੌਰ ਤੋਂ ਆਖ਼ਰੀ ਬੱਸ ੬-੩੦ ਸ਼ਾਮ ਅਤੇ ਆਖ਼ਰੀ ਗੱਡੀ ੮ ਵਜੇ ਰਾਤ ਚਲਦੀ ਹੈ।

ਪ੍ਰਾਰਥਕ ਦਾਸਰੇ :—ਸਾਧ ਸੰਗਤ ਪਰਤਾਬਪੁਰ, ਤਸੀਲ ਫ਼ਿਲੌਰ

## ਮਨੌਲੀ (ਖਰੜ) ਵਿਖੇ ਰੈਣ-ਸਬਾਈ ਕੀਰਤਨ

ਮਨੌਲੀ ਪਿੰਡ ਵਿਖੇ ਸ਼ਨੀਵਾਰ ੧੨ ਨਵੰਬਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਗੁਰਮੁਖ ਵੀਰ ਭੈਣਾਂ ਤੇ ਭੁਝੰਗੀ ਫ਼ੌਜਾਂ ਸੱਚੇ ਸੁੱਚੇ ਲਾਹੇ ਪ੍ਰਾਪਤ ਕਰਨ ਲਈ ਦਰਸ਼ਨ ਦੇਵੋ ਜੀ। ਚੰਡੀਗੜ੍ਹ ਸਟੈਂਡ ਤੋਂ ਸ਼ਾਮ ਨੂੰ ਪੌਣੇ ਛੇ ਵਜੇ ਇਕ ਬਸ ਮਨੌਲੀ ਲਈ ਚਲਦੀ ਹੈ।

ਦਾਸਰੇ —ਅਖੰਡ ਕੀਰਤਨੀ ਜੱਥਾ, ਇਲਾਕਾ ਖਰੜ (ਰੂਪ ਨਗਰ)

### ਦਿਆਲਪੁਰਾ (ਜ਼ਿਲਾ ਲੁਧਿਆਣਾ) ਵਿਖੇ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਉਜਾਗਰ ਸਿੰਘ ਸਪੁਤਰ ਭਾਈ ਸੁਚਾ ਸਿੰਘ ਪਿੰਡ ਦਿਆਲਪੁਰਾ, ਡਾਕਖਾਨਾ ਘੁੰਗਰਾਲੀ, ਤਸੀਲ ਸਮਰਾਲਾ (ਲੁਧਿਆਣਾ) ਦੇ ਗ੍ਰਹਿ ਵਿਖੇ ੧੨ ਨਵੰਬਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੩. ਖੇਤੀ–

ਗੁਰੂ ਜੀ ਹੁਣ ਵੱਡੇ ਗੱਭਰੂ ਹੁੰਦੇ ਜਾਂਦੇ ਸਨ, ਕਿਸ਼ੋਰ ਅਵਸਥਾ ਹੋ ਗਈ ਸੀ, ਪਰ ਦੁਨੀਆਂ ਦੇ ਕੰਮਾਂ ਵਲ ਧਿਆਨ ਨਾ ਲੱਗਾ। ਕਿਸ਼ੋਰ ਅਵਸਥਾ ਹੁੰਦੀ ਏ ਗੱਭਰੂ ਹੋਣ ਤੋਂ ਪਹਿਲੋਂ।

ਗੁਰੂ ਜੀ ਦਾ ਜੀਉ ਫੇਰ ਪਰਮੇਸ਼ੁਰ ਜੀ ਦੇ ਪਿਆਰ ਵਿਚ ਖਿਚੀਂਦਾ ਰਹੇ। ਕਈ ਦਿਨਾਂ ਤੋਂ ਹੁਣ ਆਪ ਨੇ ਚੁੱਪ ਧਾਰ ਲਈ। ਕਦੇ ਘਰੇ ਆਪਣੇ ਸੌਣ ਵਾਲੇ ਦਲਾਨ ਵਿਚ ਪਏ ਰਹਿਣਾ, ਕਦੇ ਬਾਹਰ ਬਨ ਵਿਚ ਜਾ ਕੇ ਸਮਾਧੀ ਲਾ ਕੇ ਬੈਠ ਰਹਿਣਾ।

ਭਲਾ ਸਮਾਧੀ ਕੀ ਹੁੰਦੀ ਏ ? ਪਰਮੇਸ਼ਰ ਦੇ ਪਿਆਰੇ ਜਦ ਓਸ ਦੇ ਧਿਆਨ ਵਿਚ ਮਨ ਲਾ ਕੇ ਬੈਠ ਜਾਂਦੇ ਹਨ ਤੇ ਹੋਰ ਕੁਛ ਨਹੀਂ ਸੋਚਦੇ, ਉਸ ਨੂੰ ਸਮਾਧੀ ਆਖਦੇ ਹਨ। ਧਿਆਨ ਕੀ ਹੁੰਦਾ ਏ ? ਜਿਕੁਰ ਬੱਚੇ ਭਾਈ ਦੀ ਦਿੱਤੀ ਸਿਖਿਆ ਕਿ ਉਸਤਾਦ ਦਾ ਦਿੱਤਾ ਸ਼ਬਦ ਜੇ ਐਵੇਂ ਪੜ੍ਹੀ ਜਾਣ ਤਾਂ ਯਾਦ ਨਹੀਂ ਹੁੰਦਾ, ਪਰ ਜੇ ਮਨ ਲਾਕੇ ਪੜ੍ਹਨ ਤੇ ਮਨ ਹੋਰ ਪਾਸੇ ਨਾ ਜਾਵੇ ਤਾਂ ਛੇਤੀ ਯਾਦ ਹੋ ਜਾਂਦਾ ਹੈ, ਸੋ ਜੋ ਮਨ ਨੂੰ ਇਕ ਪਾਸੇ ਲਾਈ ਰੱਖਣਾ ਹੈ ਇਹ ਹੈ ਧਿਆਨ। ਸੋ ਗੁਰੂ ਜੀ ਤਾਂ ਵਿਦਿਆ ਅੰਦਰੋਂ ਹੀ ਜਾਣਦੇ ਸਨ, ਜੋ ਜੋ ਪੜ੍ਹਾਓ ਝਟ ਪੜ੍ਹ ਜਾਂਦੇ ਸਨ, ਕੋਈ ਜਾਣੋ ਅਗੇ ਹੀ ਪੜ੍ਹੇ ਹੋਏ ਹਨ। ਉਹਨਾਂ ਨੂੰ ਪਰਮੇਸ਼ੁਰ ਜੀ ਨਾਲ ਪਿਆਰ ਸੀ, ਉਸੇ ਦੀਆਂ ਗੱਲਾਂ ਸੁਣ ਕੇ ਖੁਸ਼ ਹੁੰਦੇ ਸਨ,ਉਸੇ ਦੀਆਂ ਗੱਲਾਂ ਕਰਕੇ ਫੁੱਲਾਂ ਵਾਂਙੂ ਖਿੜ ਜਾਂਦੇ ਸਨ। ਓਸੇ ਦੇ ਪਿਆਰ ਦੇ ਆਮੁਹਾਰੇ ਗਾਉਣ ਕਿ ਗੀਤ ਬਣਾ ਕੇ ਗਾਉਣ ਕਿ ਗੀਤ ਬਣਾਕੇ ਗਾਉਣ ਲੱਗ ਪੈਂਦੇ ਸਨ। ਘਰੋਂ ਉਠ ਕੇ ਬਾਹਰ ਉਜਾੜ ਵਿਚ ਬੂਟਿਆਂ ਹੇਠ ਬੈਠੇ ਸਮਾਧੀ ਲਾ ਕੇ ਦਿਨ ਗੁਜ਼ਾਰ ਦੇਂਦੇ ਸਨ। ਜੇ ਕੋਈ ਸਾਧ ਸੰਤ ਆ ਜਾਵੇ ਤਾਂ ਉਸ ਨਾਲ ਗੱਲੀਂ ਲਗ ਪੈਂਦੇ ਸਨ। ਭੈਣ ਨਾਲ ਰੱਬ ਦੀਆਂ ਗੱਲਾਂ ਕਰਦੇ ਸਨ। ਭੈਣ ਨੂੰ ਅਮੰਨਾ ਆ ਗਿਆ ਸੀ ਕਿ ਇਹ ਰੱਬ ਜੀ ਦਾ ਪਿਆਰਾ ਉਸ ਰੱਬ ਦਾ ਆਪਣਾ ਬਾਲਕਾ ਹੈ। ਇਹ ਬੀਬੀ ਪਹਿਲਾ ਬੰਦਾ ਸੀ, ਜਿਸ ਨੂੰ ਗੁਰੂ ਜੀ ਦਾ ਸਿੱਦਕ ਬੱਝਾ ਸੀ ਕਿ ਸਾਡੇ ਵਿਚ ਤਾਂ ਇਹ ਚੋਜ ਕਰਦਾ ਹੈ ਪਰ ਵਿਚੋਂ ਉਸ ਨਾਲ ਰੱਤਾ ਰਹਿੰਦਾ ਹੈ। ਮਾਂ ਕਦੇ ਉਦਾਸ ਹੁੰਦੀ, ਕਦੇ ਗਿਲਾ ਕਰਦੀ ਤਾਂ ਭੈਣ ਮਾਂ ਨੂੰ ਸਮਝਾਉਂਦੀ, ਆਖਦੀ: ਮਾਂ ! ਵੀਰ ਤੇ ਕੋਈ ਲਾਲ ਏ, ਹੀਰਾ ਕੋਈ। ਲੋਕੀ ਤੈਨੂੰ ਆਖਦੇ ਹਨ ਕਿ ਵੀਰ ਕਮਲਾ ਏ, ਲੋਕੀ ਆਪ ਸੁਦਾਈ ਹਨ, ਉਹਨਾਂ ਦੀਆਂ ਅੱਖੀਆਂ ਪਰਖ ਨਹੀਂ ਸਕਦੀਆਂ। ਵੀਰ ਪਰਮੇਸ਼ੁਰ ਦੇ ਰੰਗ ਰੱਤਾ ਰਹਿੰਦਾ ਏ। ਰਾਇ ਬੁਲਾਰ ਨੂੰ ਬੀ ਤ੍ਰੈ ਗੱਲਾਂ ਵੇਖ ਕੇ ਅਮੰਨਾ ਆ ਗਿਆ ਸੀ ਕਿ ਇਹ ਰੱਬ ਦਾ ਭੇਜਿਆ ਆਇਆ ਏ। ਇਹ ਬੱਚਾ ਨਹੀਂ, ਦਾਨਿਆਂ ਦਾ ਦਾਨਾ ਏ ਤੇ ਪੂਰਾ ਪੂਰਾ ਪਿਕੰਬਰ ਏ। ਰਾਇ ਦੂਸਰਾ ਬੰਦਾ ਸੀ ਜਿਸ ਨੇ ਗੁਰੂ ਜੀ ਨੂੰ ਬਾਲਪੁਣੇ ਵਿਚ ਹੀ ਪਛਾਣ ਲੀਤਾ ਸੀ। ਇਸ ਦਾ ਭਰੋਸਾ ਐਸਾ ਬੱਝਾ ਕਿ ਸਾਰੀ ਉਮਰ ਪੱਕਾ ਰਿਹਾ। ਰਾਇ ਕਦੇ ਨਾ ਡੋਲਿਆ। ਰਾਇ ਬੁਲਾਰ ਨੇ ਗੁਰੂ ਨਾਨਕ ਤੋਂ ਮਤਿ ਲਈ, ਉਸ ਤੋਂ ਪਰਮੇਸ਼ੁਰ ਦਾ ਪਿਆਰ ਲੀਤਾ। ਉਹ ਗੁਰੂ ਜੀ ਦਾ ਡਾਢਾ ਪੱਕਾ ਪਿਆਰ ਵਾਲਾ ਸਿਖ ਹੋਇਆ।

ਪਰ ਮਾਂ ਪਿਉ ਨੂੰ ਮਮਤਾ ਫੜੀ ਰਖਦੀ ਸੀ। ਮਮਤਾ ਹੁੰਦੀ ਏ ਮੋਹ: ਇਹ ਮੇਰਾ ਏ। ਪਰ ਇਹ ਮਮਤਾ ਗੁਣਾਂ ਦੀ ਪਛਾਣ ਨਹੀਂ ਹੋਣ ਦੇਂਦੀ। ਮਮਤਾ ਵਾਲਾ ਦੁਨੀਆਂ ਵਿਚ, ਜੋ ਮੋਟੇ ਮੋਟੇ ਸੁਖ ਦਿਸਦੇ ਹਨ, ਉਥੋਂ ਤੋੜੀ ਵੇਖਦਾ ਏ। ਸੋ ਮਾਤਾ ਪਿਤਾ ਮੋਹ ਪਿਆਰ ਤਾਂ ਰਰਦੇ ਸਨ, ਪਰ ਝੁਰਦੇ ਸਨ ਕਿ ਲੋਕਾਂ ਦੇ ਪੁੱਤਾਂ ਵਾਂਙੂ ਨਿਰਾ ਪੜ੍ਹਦਾ ਸੁਣਦਾ ਤੇ ਕੰਮ ਕਾਜ ਵਿਚ ਲਗ ਕੇ ਖੱਟਣ ਕਮਾਉਣ ਵਿਚ ਕਿਉਂ ਨਹੀਂ ਰੁੱਝ ਜਾਂਦਾ। ਇਹ ਦੁਨੀਆਂ ਵਿਚ ਵਡਾ ਬਣੇ, ਪੈਸੇ ਰੁਪੱਯੇ ਕਮਾ ਕੇ ਲਿਆਵੇ, ਹੱਸੇ ਖੇਡੇ, ਮਾਕਾਂ ਅੰਗਾਂ



www.AKJ.Org

ਵਿਚ ਫਿਰੇ,ਨਾਮਣਾ ਖੱਟੇ। ਉਹ ਨਹੀਂ ਸਨ ਸਮਝਦੇ ਕਿ ਇਹ ਦੁਨੀਆਂ ਦੇ ਦੁਖ ਦੂਰ ਕਰਨ ਆਇਆ ਏ। ਇਹ ਲੋਕਾਂ ਦੇ ਬਾਲਾਂ ਵਰਗਾ ਬਾਲ ਨਹੀਂ, ਇਹ ਤਾਂ ਉੱਚਾ ਸੁੱਚਾ, ਰੱਬ ਦਾ ਪਿਆਰਾ ਏ। ਦੁਨੀਆਂ ਨੂੰ ਪਿਆਰ ਸਿਖਾ ਰਿਹਾ ਏ। ਭਲਾ ਕਰਨ ਦੀ ਜਾਚ ਦੱਸ ਰਿਹਾ ਏ। ਏਸ ਕਰਕੇ ਓਹ ਗੁਰੂ ਜੀ ਦੇ ਰੰਗ ਵੇਖ ਕੇ ਉਦਾਸ ਹੁੰਦੇ ਸਨ।

ਗੁਰੂ ਜੀ ਜਦੋਂ ਚੁੱਪ ਕਰਦੇ ਤੇ ਉਦਾਸ ਮਸਤਾਨੇ ਜਿਹੇ ਦਿਸਦੇ ਸਨ ਤਦੋਂ ਉਹ ਦੁਨੀਆਂ ਦਾ ਦੁਖ ਦੇਖਦੇ ਇਸ ਦੇ ਭਲੇ ਦੇ ਫਿਕਰ ਵਿਚ ਹੁੰਦੇ ਸਨ। ਕਦੇ ਪਰਮੇਸ਼ਰ ਦੇ ਪਿਆਰ ਵਿਚ ਮਸਤ ਹੋ ਜਾਂਦੇ ਸਨ, ਇਸ ਤਰ੍ਹਾਂ ਕੋਈ ਉੱਚੇ ਉੱਚੇ ਰੰਗ ਅੰਦਰ ਹੁੰਦੇ ਸਨ; ਪਰ ਮਾਪੇ ਕਿ ਲੋਕੀ ਜੋ ਖਾਣ ਪੀਣ, ਖੱਟਣ ਕਮਾਉਣ; ਧਨ ਜੋੜਨ ਤੇ ਵਡੇ ਬਣਨ ਤੋਂ ਅਗੇ ਕੁਛ ਨਹੀਂ ਸੋਚਦੇ, ਉਹ ਨਹੀਂ ਸਮਝਦੇ ਕਿ ਗੁਰੂ ਅਸਲ ਵਿਚ ਰੱਬ ਜੀ ਦਾ ਪੁਤਰ ਏ, ਜੋ ਦੁਨੀਆਂ ਵਿਚ ਰੱਬ ਜੀ ਦਾ ਕੰਮ ਕਰਨ ਆਇਆ ਏ; ਜੋ ਭੁੱਲੇ ਹੋਏ ਲੋਕਾਂ ਨੂੰ ਪਰਮੇਸ਼ਰ ਜੀ ਨਾਲ ਜੋੜ ਦੇਵੇ, ਤਾਂਕਿ ਲੋਕਾਂ ਨੂੰ ਸਚੀ ਮੁਚੀ ਦਾ ਸੁਖ ਮਿਲੇ।

ਸੋ ਕੁਛ ਦਿਨ ਇਸ ਤਰ੍ਹਾਂ ਦੁਨੀਆਂ ਦੇ ਓਪਰੇ ਓਪਰੇ ਰਹਿੰਦੇ ਮਸਤਾਨੇ ਜਿਹੇ ਵਰਤਦੇ ਗੁਰੂ ਜੀ ਫੇਰ ਖਿੜ ਪਏ ਤੇ ਹੱਸਣ ਬੋਲਣ ਲਗ ਪਏ। ਤਦ ਇਕ ਦਿਨ ਮਾਂ ਪਿਉ ਨੇ ਸਮਝਾਇਆ।

ਮਹਿਤਾ ਕਾਲੂ ਬੋਲਿਆ—ਬੱਚਾ ! ਤੂੰ ਹੁਣ ਸਿਆਣਾ ਹੋ ਰਿਹਾ ਹੈਂ। ਮੇਰੀ ਉਮਰ ਵਡੇਰੀ ਹੈ ਤੂੰ ਘਰ ਬਾਹਰ ਸੰਭਾਲ ਤੇ ਇਹ ਰਸਤੇ ਉਦਾਸੀਆਂ ਦੇ ਛੋੜ ਦੇਹ ! ਜਿਸ ਕੰਮ ਵਿਚ ਤੇਰਾ ਜੀਉ ਲਗੇ ਉਹ ਕੰਮ ਤੇਰੀ ਮਨ ਮਰਜ਼ੀ ਦਾ ਕਰਾ ਦੇਂਦੇ ਹਾਂ; ਜੇ ਤੂੰ ਚਾਹੇਂ ਖੇਤੀ ਦਾ ਕੰਮ ਤਾਂ ਕਾਮੇ ਰਖ ਦੇਂਦੇ ਹਾਂ, ਜ਼ਿਮੀਂ ਆਪਣੀ ਹੈ ਹੀ, ਵਾਹੀ ਕਰਾਇਆ ਕਰ ਤੇ ਐਉਂ ਕਮਾਈ ਕਰ ਤੇ ਘਰ ਬਾਹਰ ਸੰਭਾਲ ਲੈ। ਜੇ ਵਾਹੀ ਨੂੰ ਜੀ ਨਾ ਕਰੇ ਤਾਂ ਜਿਸ ਸ਼ੈ ਦੀ ਆਖੇਂ ਹੱਟੀ ਪਾ ਦੇਂਦੇ ਹਾਂ, ਵਪਾਰ ਕਰੋ ਤੇ ਖੱਟੀ ਕਮਾਈ ਕਰੋ। ਜੇ ਇਸ ਗੱਲ ਵਿਚ ਨਿੱਠ ਕੇ ਬੈਠਣਾ ਪੈਂਦਾ ਹੈ ਤੇ ਨਾ ਚੰਗਾ ਲਗੇ ਅਤੇ ਫਿਰਨ ਤੁਰਨ ਵਿਚ ਚਿਤ ਖੁਸ਼ੀ ਹੋਵੇ ਤਾਂ ਬੱਚਾ ਜੀ ਤੁਹਾਨੂੰ ਸੁਦਾਗਰ ਘੋੜਿਆਂ ਦਾ ਬਣਾ ਦੇਂਦੇ ਹਾਂ। ਘੋੜੇ ਖ਼ਰੀਦੋ ਵੇਚੋ, ਦੇਸ਼ ਦੇਸ਼ਾਂਤ੍ਰਾਂ ਵਿਚ ਫਿਰੋ। ਕਿਤੋਂ ਲਏ ਕਿਤੇ ਵੇਚੇ। ਇਹ ਖੱਟੀ ਕਮਾਈ ਕਰੋ। ਨਾਲੇ ਤਾਂ ਏਸ ਤਰ੍ਹਾਂ ਤੁਸੀਂ ਫਿਰਦੇ ਤੁਰਦੇ ਰਹੋਗੇ, ਨਾਲੇ ਰੁਪੱਏ ਖੱਟ ਲਿਆ ਕਰੋਗੇ। ਤੁਹਾਡਾ ਸੁਭਾ ਬਹੁਤ ਫਿਰਨ ਤੁਰਨ ਵਾਲਾ ਪਿਆ ਦਿੱਸਦਾ ਏ।

ਜੇ ਏਸ ਕੰਮੇ ਵੀ ਰਾਜ਼ੀ ਨਹੀਂ ਤਾਂ ਫ਼ੇਰ ਬੱਚਾ ਜੀ ! ਮੇਰੇ ਵਾਂਙੂ ਨੌਕਰੀ ਕਰ ਲਓ। ਇਥੇ ਦੇਸ਼ ਕਿ ਕਿਤੇ ਪਰਦੇਸ਼ ਵਿਚ ਸਰਕਾਰੀ ਚਾਕਰੀ ਲੈ ਦੇਂਦੇ ਹਾਂ। ਨੌਕਰੀ ਵਿਚ ਬੱਧੀ ਤਨਖਾਹ ਆ ਜਾਂਦੀ ਹੈ, ਹਰ ਮਹੀਨੇ ਜਾਂ ਦੋ ਮਹੀਨੀਂ ਜਿੰਨੇ ਰੁਪਏ ਮਾਲਕ ਨਾਲ ਮੰਨ ਲਈਏ ਮਿਲ ਜਾਂਦੇ ਹਨ। ਕੁਛ ਖਾਧੇ ਖਰਚੇ ਕੁਛ ਮੇਰੇ ਵਾਂਗ ਜੋੜੇ, ਐਉਂ ਵੀ ਰੁਪੱਯੇ ਇਕੱਠੇ ਹੋ ਜਾਂਦੇ ਹਨ, ਲੋਕਾਂ ਵਿਚ ਚੰਗੇ ਚੰਗੇ ਬਣ ਕੇ ਬਹੀਦਾ ਹੈ। ਸੋ ਬੇਟਾ ! ਜਿਸ ਕੰਮੇ ਜੀ ਲਗੇ, ਜੋ ਕੰਮ ਤੇਰੀ ਖੁਸ਼ੀ ਆਵੇ ਦੱਸ ?

ਤਦ ਗੁਰੂ ਜੀ ਬੋਲੇ :—

ਬਾਬਲ ਜੀਓ ! ਤੁਸਾਂ ਨੂੰ ਪਤਾ ਹੈ ਜੋ ਏਥੋਂ ਤੁਰ ਵੰਞਣਾ ਏਂ, ਤਾਂ ਏਥੇ ਕੱਠੇ ਕੀਤੇ ਇਥੇ ਛਡ ਜਾਣੇ ਪੈਣੇ ਹਨ। ਫੇਰ ਅਗੇ ਜਾਣਾ ਹੈ; ਮੈਨੂੰ ਫ਼ਿਕਰ ਅੱਗੇ ਦਾ ਹੈ। ਮੈਂ ਸੋਚਨਾਂ ਪਿਆ ਹਾਂ ਕਿ ਅੱਗੇ ਜਾ ਕੇ ਲੋਕੀ ਕੀ ਕਰਨਗੇ ! ਸੋ ਬਾਬਲ ਜੀ ! ਮੈਂ ਜੋ ਵਿਹਾਰ ਤੁਸਾਂ ਦੱਸੇ ਹਨ, ਸਾਰੇ ਹੀ ਕੀਤੇ ਹਨ ਤੇ ਰੋਜ਼ ਕਰਦਾ ਹਾਂ।

ਬਾਬਾ ਕਾਲੂ ਜੀ—ਪੁਤ੍ਰ ! ਸਾਨੂੰ ਤਾਂ ਤੂੰ ਕੋਈ ਵਿਹਾਰ ਕਰਦਾ ਨਹੀਂ ਪਿਆ ਦਿੱਸਦਾ।

ਤਦ ਗੁਰੂ ਜੀ ਬੋਲੇ :—

ਬੀਬੇ ਬਾਬਲ ਜੀ ! ਮੈਂ ਵਾਹੀ ਦਾ ਕੰਮ ਐਉਂ ਕਰਦਾ ਹਾਂ-ਮੇਰਾ ਮਨ ਵਾਹੀ ਕਰਨ ਵਾਲਾ ਹੈ, ਇਹ ਮੇਰਾ ਸਰੀਰ ਜਿਸ ਨੂੰ ਪਿੰਡਾ ਵੀ ਕਹਿੰਦੇ ਹਾਂ ਇਹ ਮੇਰੀ ਭੋਂ ਹੈ। ਇਸ ਵਿਚ ਮੈਂ ਪਰਮੇਸ਼ਰ, ਆਪਣੇ ਵਡੇ ਬਾਪੂ ਜੀ ਦਾ ਨਾਮ ਪਿਆ ਬੀਜਦਾ ਹਾਂ। ਇਸ ਖੇਤੀ ਨੂੰ ਪਾਣੀ ਬੀ ਦੇਂਦਾ ਹਾਂ, ਉਹ ਪਾਣੀ ਹੈ ਉਹ ਕੰਮ ਨਾ ਕਰਨੇ ਜੋ ਮੇਰੇ ਉੱਚੇ ਬਾਬਲ ਨੂੰ ਨਹੀਂ ਭਾਉਂਦੇ। ਜੋ ਗੱਲਾਂ ਕਰਕੇ ਮੈਂ ਉਸ ਕੋਲ ਸ਼ਰਮਿੰਦਾ



www.AKJ.Org

ਹੋਵਾਂ, ਅੱਖਾਂ ਨੀਵੀਆਂ ਕਰਾਂ, ਉਹ ਮੈਂ ਬਾਪੂ ਜੀ, ਨਹੀਂ ਜੇ ਕਰਦਾ; ਇਹ ਜੇ ਪਾਣੀ ਮੇਰੀ ਖੇਤੀ ਦਾ। ਫੇਰ ਜੋ ਕੁਛ ਤੁਸੀਂ ਦੇਂਦੇ ਹੋ ਖਾ ਕੇ ਖੁਸ਼ ਰਹਿੰਦਾ ਹਾਂ, ਹੋਰ ਹੋਰ ਲਈ ਤਰਸਦਾ ਨਹੀਂ, ਇਹ ਜੇ ਸੁਹਾਗਾ ਜੋ ਮੈਂ ਬੀਜ ਬੀਉ ਕੇ ਫੇਰਦਾ ਹਾਂ।

ਸੁਹਾਗਾ ਕੀ ਹੁੰਦਾ ਹੈ ? ਜ਼ਿਮੀਦਾਰ ਪਹਿਲੋਂ ਹੱਲ ਵਾਹੁੰਦਾ ਹੈ, ਫੇਰ ਸੁਹਾਗਾ ਫੇਰ ਕੇ ਡਿੱਲ ਭੰਨਦਾ ਏ, ਮਿੱਟੀ ਨੂੰ ਧੂੜ ਵਾਙੂ ਬਰੀਕ ਕਰ ਸੁੱਟਦਾ ਏ, ਤਾਂ ਬੀਜ ਬੀਜਦਾ ਏ। ਫੇਰ ਬੀ ਬੀਜ ਕੇ ਸੁਹਾਗਾ ਫੇਰਦਾ ਏ ਜੋ ਬੀਜ ਮਿੱਟੀ ਵਿਚ ਕੱਜੇ ਜਾਣ, ਨੰਗੇ ਰਹੇ ਤਾਂ ਚਿੜੀਆਂ ਖਾ ਜਾਣਗੀਆਂ।

ਸੋ ਗੁਰੂ ਜੀ ਨੇ ਦੱਸਿਆ ਕਿ ਇਹ ਮੇਰਾ ਸੁਹਾਗਾ ਏ ਕਿ ਜੋ ਮੇਰਾ ਬਾਬਲ ਵਡਾ ਸਮਰੱਥ ਬਾਬਲ ਦੇਵੇ, ਉਸ ਉਤੇ ਰਾਜ਼ੀ ਰਹਾਂ ਅਤੇ ਮੇਰਾ ਮਨ ਲੋਭ ਲਾਲਚ ਵਿਚ ਨਾ ਜਾਵੇ। ਬਾਪੂ ਜੀ ! ਇਸ ਨੂੰ ਪੜ੍ਹੇ ਲਿਖੇ ਲੋਕ ਸੰਤੋਖ ਆਖਦੇ ਹਨ; ਮੈਂ ਫੇਰ ਗਰੀਬੀ ਵਿਚ ਰਹਿ ਕੇ ਖੁਸ਼ ਹਾਂ। ਪੈਸਿਆਂ ਰੁਪਿਆਂ ਦੀ ਲੋੜ ਨਹੀਂ। ਨਾ ਰੁਪਏ ਇਕੱਠੇ ਕਰਕੇ ਆਕੜੇ ਫਿਰਨ ਦੀ ਲੋੜ ਏ। ਮੈਂ ਚਾਹੁੰਦਾ ਹਾਂ ਮਨੋਂ ਬੀ ਗ਼ਰੀਬ ਰਹਾਂ ਤੇ ਵੇਸ ਵੀ ਗਰੀਬਾਂ ਦਾ ਰਖਾਂ।

ਫੇਰ ਮੈਂ ਹਟੀ ਬੀ ਪਾਈ ਹੈ। ਇਹ ਜੋ ਸਾਡੀ ਉਮਰ ਰੋਜ਼ ਬੀਤਦੀ ਹੈ, ਇਹ ਹੱਟੀ ਹੈ, ਇਸ ਉਤੇ ਵਪਾਰ ਹੋ ਰਿਹਾ ਹੈ, ਸੁਆਸ ਚੱਲ ਰਹੇ ਹਨ, ਇਸ ਵਿਚ ਸੋਦਾ ਪਾਈਏ ਆਪਣੇ ਵਡੇ ਬਾਬਲ ਪਰਮੇਸ਼ਰ ਦੇ ਨਾਮ ਦਾ ! ਆਪਣਾ ਧਿਆਨ ਆਪਣੀ ਸੋਚ ਉਸ ਵਿਚ ਲਾਈਏ; ਇਹ ਹੋਵੇ ਸਾਡਾ ਮਾਲ ਰੱਖਣ ਦਾ ਥਾਂ, ਜਿਵੇਂ ਹੱਟੀਆਂ ਵਾਲੇ ਮਾਲ ਇਕ ਥਾਂ ਪਾ ਰਖਦੇ ਹਨ। ਸੋ ਸੋਚ ਤੇ ਧਿਆਨ ਵਿਚ ਨਾਮ ਦਾ ਸੋਦਾ ਪਾਈ ਰਖੀਏ।

ਏਸੇ ਤਰ੍ਹਾਂ ਬਾਪੂ ਜੀ ! ਘੋੜਿਆਂ ਦੀ ਸੋਦਗਰੀ ਕਰੀਏ ! ਧਰਮ ਦੀਆਂ ਪੋਥੀਆਂ ਸੁਣੀਏ, ਉਨ੍ਹਾਂ ਵਿਚ ਲਿਖਿਆ ਹੈ ਕਿ ਸੱਚ ਖ਼ਰੀਦੋ, ਸੋ ਸਮਝ ਲਈਏ ਕਿ ਸੱਚ ਘੋੜਿਆਂ ਵਾਙੂ ਕੋਈ ਸੁਦਾਗਰੀ ਦੀ ਸ਼ੈ ਹੈ, ਤੇ ਘੋੜੇ ਲੈ ਕੇ ਤੁਰਨਾ ਹੈ ਸੋ ਚੰਗੇ ਬਣੀਏ, ਚੰਗਿਆਈਆਂ ਕਰੀਏ, ਇਹ ਹੋਇਆ ਖਰਚ ਘੋੜਿਆਂ ਦੇ ਤੇ ਆਪਣੇ ਖਾਣ ਪੀਣ ਦਾ। ਸੋ ਇਹ ਘੋੜੇ ਲੈ ਕੇ ਚਲੀਏ ਆਪਣੇ ਬਾਬਲ—ਨਿਰੰਕਾਰ ਦੇ ਦੇਸ਼ ਨੂੰ।

ਜੇ ਬਾਪੂ ਜੀ ! ਚਾਕਰੀ ਆਖੋ ਤਾਂ ਚਾਕਰੀ ਇਹ ਕਰੀਏ ਕਿ ਰੱਬ ਦਾਤਾ ਦੇ ਉਤੇ ਮਨ ਜੋੜੀਏ ਕਿ ਸਾਡਾ ਮਾਲਕ ਹੈ, ਅਤੇ ਉਸ ਦਾ ਨਾਮ ਜਪਣਾ ਇਸ ਨੂੰ ਆਪਣੀ ਨੌਕਰੀ ਦਾ ਕੰਮ ਜਾਣੀਏ। ਦਿਨ ਰਾਤ ਮਾਲਕ ਪਿਛੇ ਭੱਜੇ ਫਿਰੀਦਾ ਹੈ, ਸੋ ਦਿਨੇ ਰਾਤ ਮਾੜੀਆਂ ਗੱਲਾਂ ਤੋਂ ਆਪ ਨੂੰ ਰੋਕੀਏ, ਠੱਲ੍ਹੀਏ। ਇਹ ਸਮਝੀਏ ਦੌੜ ਭੱਜ ਹੈ। ਤਾਂ ਬਾਪੂ ਜੀ ! ਚਾਕਰੀ ਬੀ ਹੋ ਗਈ। ਏਤ ਚਾਕਰੀ, ਪਿਤਾ ਜੀ ! ਖੁਸ਼ੀ ਹੁੰਦੀ ਹੈ, ਮੂੰਹ ਉੱਜਲਾ ਹੁੰਦਾ ਹੈ; ਵਡਾ ਬਾਬਲ ਪਿਆਰ ਕਰਦਾ ਹੈ।

ਤਾਂ ਪਿਤਾ ਜੀ ਨੇ ਕਿਹਾ :—ਪੁਤ੍ਰ ! ਹੁਣੇ ਅਕਾਸ਼ੀ ਗੱਲਾਂ ਕਰਦਾ ਏਂ, ਬੁੱਢਾ ਤਾਂ ਹੋ ਲੈ। ਹੁਣ ਤਾਂ ਮਾਇਆ ਕੱਠੀ ਕਰ, ਜੋ ਮੇਰੇ ਬਿਨਾਂ ਤੂੰ ਕਮਾਈ ਕਰਨ ਜੋਗਾ ਹੋ ਜਾਏਂ।

ਗੁਰੂ ਜੀ—ਬਾਬਾ ਜੀਉ ! ਇਹ ਮਾਇਆ ਜੋ ਆਖਦੇ ਹੋ, ਮੈਂ ਕੱਠੀ ਕਰਾਂ, ਇਹ ਤਾਂ ਇਥੇ ਪਈ ਰਹਿੰਦੀ ਏ, ਜੋ ਟੁਰ ਜਾਂਦਾ ਏ ਉਸ ਦੇ ਨਾਲ ਨਹੀਂ ਜਾਂਦੀ। ਫੇਰ ਕੱਠੀ ਕਰਨ ਦਾ ਕੀ ਗੁਣ ਹੋਇਆ ? ਪਰ ਬਾਪੂ ਜੀ, ਤੁਹਾਡੇ ਕੀ ਵੱਸ ਹੈ। ਇਸ ਮਾਇਆ ਨੇ, ਧਨ ਦੌਲਤ ਨੇ, ਸਾਰੇ ਲੋਕਾਂ ਨੂੰ ਠੱਗ ਲਿਆ ਹੈ, ਸਾਰੇ ਇਸ ਦੇ ਪਿੱਛੇ ਭੱਜੇ ਫਿਰਦੇ ਹਨ, ਕੋਈ ਵਿਰਲਾ ਇਹ ਗੱਲ ਸਮਝਦਾ ਹੈ ਕਿ ਮਾਇਆ ਸਾਨੂੰ ਠੱਗ ਰਹੀ ਹੈ ਤੇ ਪਰਮੇਸ਼ਰ ਦੇ ਪਿਆਰ ਨੂੰ ਅਖੋਂ ਉਹਲੇ ਕਰ ਰਹੀ ਹੈ* ਤੇ ਸਾਰੇ ਭੁੱਲੇ ਜਾ ਰਹੇ ਹੈਨ।

ਇਹ ਗੱਲਾਂ ਕਰਦਿਆਂ ਕਰਦਿਆਂ ਰੱਬ ਬਾਬਲ ਦੇ ਪਿਆਰੇ ਬਾਲਕ ਨਾਨਕ ਸੁਹਣੇ ਦੇ ਨੈਣ ਉੱਚੇ ਹੁੰਦੇ ਗਏ। ਅੱਖਾਂ ਮੀਟ ਹੋ ਗਈਆਂ, ਤੇ ਐਉਂ ਜਾਪੇ ਜਿਵੇਂ ਹੋਸ਼ ਕੋਈ ਨਹੀਂ ਰਹੀ, ਪਰ ਉਹ ਆਪਣੇ ਵਡੇ ਬਾਬਲ ਦੀਆਂ ਗੱਲਾਂ ਕਰਦੇ ਕਰਦੇ ਸਮਾਧੀ ਵਿਚ ਹੋ ਗਏ ਸਨ।

['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ

---

*ਇਹ ਸਾਰੀ ਗੁਰੂ ਜੀ ਦੀ ਗੱਲ ਬਾਤ ਰਾਗ ਸੋਰਠ ਵਿਚ ਲਿਖੀ ਹੈ: "ਮਨੁ ਹਾਲੀ ਕਿਰਸਾਣੀ ਕਰਣੀ।"


www.AKJ.Org

# ਗੁਜਰਵਾਲ (ਮੱਲਿਆਣੇ) ਦੀ ਢਾਬ

ਇਹ ਮੱਲਿਆਣੇ ਦੀ ਢਾਬ ਗੁਜਰਵਾਲ ਤੇ ਨਾਰੰਗਵਾਲ ਦੀ ਹੱਦ-ਪਟੜੀ ਦੇ ਨੇੜੇ, ਗੁਜਰਵਾਲ ਦੀ ਹੱਦ ਵਿਚ ਹੈ। ਐਬਟਾਬਾਦ ਵਿਖੇ ਨਾਮ ਦੀ ਦਾਤਿ-ਪ੍ਰਾਪਤੀ ਤੋਂ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਨਾਮ ਦੀ ਅਤੁੱਟ ਕਮਾਈ ਕਰਨ ਖ਼ਾਤਰ ਇਸ ਢਾਬ ਵਾਲਾ ਉਦਿਆਨ-ਅਸਥਾਨ ਆਣ ਮਲਿਆ। ਭਾਈ ਸਾਹਿਬ ਇਸ ਢਾਬ ਬਾਰੇ "ਰੰਗਲੇ ਸਜਣ" ਪੁਸਤਕ ਵਿਤ ਇਉਂ ਬਿਆਨ ਕਰਦੇ ਹਨ—

"ਇਸ ਚੋਜ ਵਿਡਾਣੀ ਢਾਬ ਦੀ ਭੀ ਬੜੀ ਅਸਚਰਜ ਕਥਾ ਹੈ। ਇਥੇ ਕਿਸੇ ਸਮੇਂ ਨਦੀ ਵਹਿੰਦੀ ਹੁੰਦੀ ਸੀ। ਕਈ ਵਾਰ ਆਪਣੀ ਵਜਦ-ਸਮਾਧੀ ਤੋਂ ਸਾਵਧਾਨ ਹੋ ਕੇ ਵੀਰ ਸਰਵਣ ਸਿੰਘ ਜੀ ਦਸਿਆ ਕਰਦੇ ਸਨ ਕਿ ਇਥੋਂ ਦੀ ਢਾਬ-ਕਿਨਾਰੇ ਉਪਰ ਦੀ ਨੀਲੇ ਘੋੜੇ ਦੇ ਸ਼ਾਹ-ਸਵਾਰ ਦੀਆਂ ਅਗੰਮੀ ਫੇਰੀਆਂ ਅਕਸਰ ਏਸ ਰਸਤੇ ਪਈਆਂ ਹਨ। ਸਮੇਂ ਦੇ ਫੇਰ ਵਿਚ ਐਸਾ ਗੇੜ ਵਜਾ ਕਿ ਇਥੇ ਸੁੱਕੀ ਢਾਬ ਹੀ ਰਹਿ ਗਈ। ਇਸ ਢਾਬ ਦੇ ਸਮੀਪ ਹੀ ਇਕ ਪਿਪਲੀ ਹੋਇਆ ਕਰਦੀ ਸੀ, ਜੋ ਅਸੀਂ ਆਪਣੀ ਅੱਖੀਂ ਦੇਖੀ ਹੈ। ਸਾਡੇ ਦਾਦੇ ਪੜਦਾਦੇ ਦੇ ਵਕਤ ਇਥੇ ਨਾਰੰਗਵਾਲ ਤੇ ਗੁਜਰਵਾਲ ਦੋਹਾਂ ਪਿੰਡਾਂ ਦੀਆਂ, ਹੱਦਬੰਦੀ ਦੇ ਝਗੜੇ ਕਾਰਨ, ਲੜਾਈਆਂ ਭੀ ਹੋਈਆਂ। ਖਾਸਾ ਚਿਰ ਹੁੰਦੀਆਂ ਰਹੀਆਂ। ਦੋਹਾਂ ਧਿਰਾਂ ਦੇ ਗਭਰੂ ਜੋਧੇ ਮਾਰੋ ਮਾਰ ਕਰਦੇ ਸ਼ਹੀਦ ਭੀ ਹੋ ਗਏ। ਓੜਕ ਇਸ ਢਾਬ ਦੇ ਪਾਸ ਹੀ ਹੱਦ-ਬੰਨਾ ਦੋਹਾਂ ਪਿੰਡਾਂ ਦਾ ਬੱਝ ਗਿਆ। ਇਹ ਢਾਬ ਗੁਜਰਵਾਲ ਦੀ ਜੂਹ ਵਿਚ ਰਹਿ ਗਈ। ਇਸ ਢਾਬ ਅਤੇ ਪਿਪਲੀ ਦੇ ਪਾਸ ਦੀ ਨੇੜੇ ਨੇੜੇ ਖ਼ਾਸੀ ਦੂਰ ਤਾਈਂ ਨਾ ਦਿਨੇ ਨਾ ਰਾਤ ਕੋਈ ਪਾਂਧੀ ਲੰਘਿਆ ਕਰਦਾ ਸੀ। ਅਕਸਰ ਲੋਕ ਇਸ ਜਗ੍ਹਾ 'ਹਾੜ' ਬੋਲਿਆ ਸੁਣਿਆ ਕਰਦੇ ਸਨ। ਏਥੋਂ ਆਵਾਜ਼ਾਂ ਆਉਣੀਆਂ ਕਿ ਮਾਰੋ ਮਾਰੋ, ਸੋਧੋ, ਫੜੋ ਫੜੋ, ਸਿਰ ਲਾਹ ਦਿਓ, ਆਦਿਕ ਇਹੋ ਜਿਹੀਆਂ ਭਿਅੰਕਰ ਅਵਾਜ਼ਾਂ ਆਉਂਦੀਆਂ ਸਨ। ਇਸ ਜਗ੍ਹਾਂ ਤੋਂ ਡਰਦੇ ਹੋਏ ਲੋਕ ਇਸ ਲਾਗਿਓਂ ਨਹੀਂ ਲੰਘਿਆ ਕਰਦੇ ਸਨ। ਅਸੀਂ ਆਪਣੀ ਅਖੀਂ ਧਿਪਲੀ ਵੇਖੀ ਹੈ ਅਤੇ ਆਪਣੇ ਕੰਨੀ 'ਹਾੜ' ਬੋਲਦਾ ਸੁਣਿਆ ਹੈ। ਅੰਮ੍ਰਿਤ ਛਕਣ-ਸਾਰ ਸਾਡੇ ਡਰ ਭਉ ਸਭ ਲਥ ਗਏ ਸਨ। ਪਰਮਾਰਥੀ ਪ੍ਰੇਮ ਦੇ ਪ੍ਰਬਲ ਹੋਣ ਕਾਰਨ ਨਾਮ-ਅਭਿਆਸ ਲਈ ਇਕਾਂਤ ਜਗ੍ਹਾ ਢੂੰਡਦੇ ਢੂੰਡਦੇ ਸਾਨੂੰ ਇਹੋ ਹੀ ਜਗ੍ਹਾ ਪਸੰਦ ਆਈ। ਇਥੇ ਆ ਕੇ ਸਾਰੀ ਰਾਤ ਉਚੀ ਉਚੀ ਨਾਮ ਦਾ ਖੰਡਾ ਖੜਕਾਣਾ! ਲੋਕੀ ਸਮਝਣ ਕਿ ਹਾੜ ਬੋਲਦਾ ਹੈ। ਕਿਸੇ ਨੇ ਨੇੜੇ ਨਾ ਢੁਕਣਾ। ਇਸ ਢਾਬ ਉਤੇ ਬੜੀਆਂ ਹੀ ਅਭਿਆਸ ਕਮਾਈਆਂ ਹੋਈਆਂ, ਕੀਰਤਨ-ਬਿਹਬਲਤਾ ਦੀਆਂ ਰਾਮ-ਦੁਹਾਈਆਂ ਹੋਈਆਂ। ਹਾੜ ਬੋਲਣਾ ਤਾਂ ਦੋ ਰਾਤਾਂ ਵਿਚ ਬੰਦ ਹੋ ਗਿਆ ਸੀ। ਫਿਰ ਤਾਂ ਨਾਮ ਦੀ ਖੰਡਾ-ਖੜਕਾਈ ਛਿੰਜ ਹੀ ਪੈਂਦੀ ਰਹੀ। ਉਹ ਪਿਪਲੀ ਸੁਕ ਗਈ ਸੀ। ਢੇਰ ਚਿਰ ਤੋਂ ਲਕੜੀ ਦਾ ਨਿਸ਼ਾਨ ਭੀ ਨਹੀਂ ਰਿਹਾ ਸੀ। ਦਿਨੇ ਭੀ ਇਥੇ, ਰਾਤ ਨੂੰ ਭੀ ਇਥੇ ਨਾਮ-ਅਭਿਆਸ ਦੀਆਂ ਨੌਬਤਾਂ ਬਜਦੀਆਂ ਰਹਿਣ। ਅਕਸਰ ਦਾਸ ਇਕੱਲਾ ਹੀ ਇਥੇ ਗਜਿਆ ਸਜਿਆ ਕਰਦਾ ਸੀ। ਇਸ ਢਾਬ ਦੇ ਲਾਗੇ ਲਾਗੇ ਗੁਜਰਵਾਲੇ ਦੇ ਇਕ ਪੁਰਾਤਨ ਪ੍ਰੇਮੀ ਬਾਬਾ ਜੈਮਲ ਸਿੰਘ ਦੀ ਮਲਕੀਅਤ ਜ਼ਮੀਨ ਸੀ। ਇਹ ਬਾਬਾ ਦੂਰੋਂ ਨੇੜਿਓਂ ਮੈਨੂੰ ਇਥੇ ਬੈਠਿਆਂ ਨੂੰ ਦੇਖਦਾ ਸੀ। ਇਹ ਇਕ ਬੜੀ ਉਦਾਰ-ਚਿਤ ਧਰਮ-ਮੂਰਤੀ ਸੀ। ਭਜਨ ਦਾ ਪਰਤਾਪ ਦੇਖ ਕੇ ਇਸ ਬਾਬੇ ਜੈਮਲ ਸਿੰਘ ਨੇ, ਇਸ ਢਾਬ ਨੂੰ ਪੁਟਵਾ ਕੇ ਪਾਣੀ ਹਾਂਡੇ (ਪਾਣੀ ਸਿਮਣ ਤਕ ਦੀ ਡੂੰਘਾਈ) ਕਰ ਦਿਤਾ। ਹੇਠੋਂ ਕੁੰਗੂ (ਕੇਸਰ) ਵਰਗਾ ਪਾਣੀ ਨਿਕਲ ਆਇਆ। ਉਪਰੋਂ ਵਰਖਾ ਸਮੇਂ ਸਾਵਣ ਭਾਦਰੋਂ ਦੀਆਂ ਝੜੀਆਂ ਵਿਚ ਰੋਹੀ ਦੇ ਖੇਤਾਂ ਦਾ ਮੀਂਹ ਦਾ ਪਾਣੀ ਸਾਰਾ ਇਥੇ ਆ ਕੇ ਜਮ੍ਹਾ ਹੋ ਜਾਣਾ। ਸਰਦੀਆਂ ਵਿਚ ਇਸ ਪਾਣੀ ਨੇ ਕੁੰਗੂ ਵਰਗਾ ਸਾਫ਼ ਸੁਥਰਾ ਨਿਤਰ ਆਉਣਾ। ਇਕ ਵਿਘੇ ਦੇ ਵਿਸਥਾਰ ਵਿਚ ਇਥੇ ਡਲ ਡਲ ਕਰਦੀ ਨਿਖਰਵੇਂ ਅਤੇ ਨਿਤਰਵੇਂ ਪਾਣੀ ਦੀ ਚੌੜੀ ਜਿਹੀ ਝੀਲ ਬਣੀ ਰਹਿੰਦੀ ਸੀ। ਹੁਨਾਲੇ ਸਿਆਲੇ ਕਦੇ ਵੀ ਪਾਣੀ



www.AKJ.Org

ਸੁਕਣਾ ਨਹੀਂ ਪਾਉਂਦਾ ਸੀ। ਇਸ ਬਾਬੇ ਨੇ ਮਹਿਜ਼ ਭਜਨ ਪਰਤਾਪੀ ਭਜਨੀਕ ਜਨਾਂ ਦੀ ਖਾਤਰ ਇਸ ਢਾਬ ਦੇ ਦੁਆਲੇ ਚਾਰ ਚੁਫੇਰੇ ਤ੍ਰਿਬੈਣੀਆਂ* ਲਾ ਦਿਤੀਆਂ ਸਨ, ਜਿਨ੍ਹਾਂ ਦੀ ਖ਼ਾਸੀ ਘਣੀ ਛਾਉਂ ਹੋ ਗਈ। ਪਰ ਜੇਲ੍ਹ-ਯਾਤਰਾ ਦੇ ਲੰਮੇ ਅਰਸੇ ਅੰਦਰ ਇਹ ਤ੍ਰਿਬੈਣੀਆਂ ਸੁਕ-ਸੜ ਗਈਆਂ। ਉਹ ਉਪਕਾਰੀ ਬਾਬਾ ਚੜ੍ਹਾਈਆਂ ਕਰ ਚੁਕਾ ਸੀ। ਉਸ ਦੇ ਪਿਛੋਂ ਕੋਈ ਰਾਖਾ ਬਾੜ੍ਹ ਕਰਨੇ ਵਾਲਾ ਅਤੇ ਪਾਣੀ ਦੀ ਆੜ ਲਾਉਣ ਵਾਲਾ ਨਾ ਰਿਹਾ। ਸੁੰਨੀ ਉਜਾੜ ਦੇਖ ਕੇ ਊਠਾਂ ਵਾਲਿਆਂ ਨੇ, ਊਠਾਂ ਨੂੰ ਪਾ ਕੇ ਖਾ ਚਰਾ ਕੇ ਤ੍ਰਿਬੈਣੀਆਂ ਖ਼ਰਾਬ ਕਰ ਦਿਤੀਆਂ।''

ਇਸ ਢਾਬ ਤੇ ਵਾਪਰੇ ਅਨੇਕਾਂ ਕੌਤਕ ਹਨ। ਇਥੇ ਸ਼ਹੀਦ ਸਿੰਘਾਂ ਦਾ ਗੁਪਤ ਪਹਿਰਾ ਵੀ ਹੈ। ਇਕੇਰਾਂ ਦੀ ਗੱਲ ਹੈ ਕਿ ਰਾਤ ਨੂੰ ਭਾਈ ਸਾਹਿਬ ਕੁਝ ਸਿੰਘਾਂ ਸਮੇਤ ਬੈਠੇ ਅਭਿਆਸ ਕਰ ਰਹੇ ਸਨ ਕਿ ਆਪ ਨੂੰ ਢਾਬ ਵਲੋਂ ਕਿਸੇ ਸਿੰਘ ਦੀ ਨਾਮ ਜਪਣ ਦੀ ਗੂੰਜ ਸੁਣਾਈ ਦਿਤੀ, ਜੋ ਆਮ ਸੰਸਾਰੀਆਂ ਲਈ ਤਾਂ ਬੜੀ ਡਰਾਉਣੀ ਤੇ ਭਿਅੰਕਰ ਸੀ ਪਰ ਅਭਿਆਸੀ ਜਨਾਂ ਦੇ ਹਿਰਦਿਆਂ ਨੂੰ ਧੂਅ ਪਾਉਂਦੀ ਸੀ। ਭਾਈ ਸਾਹਿਬ ਤੇ ਸਾਥੀ ਸਿੰਘ ਉਸ ਦੀ ਆਵਾਜ਼ ਦੀ ਸੇਧ ਵਲ ਤੁਰ ਪਏ। ਜਦੋਂ ਢਾਬ ਦੇ ਨੇੜੇ ਪਹੁੰਚੇ ਤਾਂ ਜਾਪਿਆ ਕਿ ਕੋਈ ਸਿੰਘ ਢਾਬ ਤੇ ਬੈਠਾ ਅਭਿਆਸ ਕਰ ਰਿਹਾ ਹੈ। ਉਸ ਅਵਸਥਾ ਵਿਚ ਉਸ ਨੂੰ ਉਦੋਂ ਬੁਲਾਉਣਾ ਯੋਗ ਨਾ ਸਮਝ ਕੇ ਸਿੰਘ ਲਾਗੇ ਹੀ ਗੁਪਤੀ ਅਭਿਆਸ ਵਿਚ ਜੁਟ ਗਏ। ਘੰਟੇ ਕੁ ਪਿਛੋਂ ਕਿਸੇ ਸਿੰਘ ਦੇ ਕੜਿਆਂ ਦਾ ਖੜਕਾ ਹੋ ਜਾਣ ਤੇ ਉਹ ਅਭਿਆਸੀ ਸਿੰਘ ਜੀ ਉਥੋਂ ਉਠ ਕੇ ਲਾਗਲੇ ਰਜਵਾਹੇ ਵਿਚ ਜਾ ਬਠੇ। ਸਾਰੇ ਸਿੰਘ ਭੀ ਭਾਈ ਸਾਹਿਬ ਸਮੇਤ ਪਿਛੇ ਪਿਛੇ ਗਏ। ਸਾਰੇ ਸਿੰਘ ਕੁਝ ਦੂਰੀ ਤੇ ਬੈਠ ਗਏ। ਉਸ ਅਭਿਆਸੀ ਸਿੰਘ ਦੇ ਰੋਮ ਰੋਮ ਵਿਚ ਨਾਮ-ਅਭਿਆਸ ਦੀ ਧੁੰਨੀ ਦੀਆਂ ਗੂੰਜਾਂ ਸੁਣਾਈ ਦੇਣ ਲਗ ਪਈਆਂ। ਇੰਨੇ ਨੂੰ ਫਿਰ ਕਿਸੇ ਦੇ ਕੜੇ ਖੜਕ ਗਏ, ਜਿਸ ਤੇ ਉਹ ਸਿੰਘ ਅਜਿਹਾ ਅਲੋਪ ਹੋਇਆ ਕਿ ਫਿਰ ਦਰਸ਼ਨ ਨਹੀਂ ਹੋ ਸਕੇ।

ਇਕ ਵੇਰੀ ਭਾਈ ਸਾਹਿਬ ਜੀ, ਭਾਈ ਸਰਵਣ ਸਿੰਘ ਜੀ ਤੇ ਦੋ ਹੋਰ ਸਿੰਘ ਇਸ ਢਾਬ ਤੇ ਪੁਜ ਕੇ ਕੀਰਤਨ-ਰੰਗਾਂ ਵਿਚ ਜੁਟ ਗਏ। ਕੀਰਤਨ-ਰੰਗਾਂ ਵਿਚ ਸਾਜ ਹੱਥਾਂ ਵਿਚ ਹੀ ਰਹਿ ਗਏ ਅਤੇ ਨਾਮ-ਸਮਾਧੀਆਂ ਵਿਚ ਜੁੜ ਗਏ। ਦੂਜੇ ਪਾਸੇ ਨਾਰੰਗਵਾਲ ਵਿਖੇ ਭਾਈ ਸਾਹਿਬ ਜੀ ਦੀ ਸੁਪਤਨੀ, ਬੇਬੇ ਕਰਤਾਰ ਕੌਰ ਜੀ, ਜੋ ਕਿ ਉਡੀਕ ਵਿਚ ਬੈਠੇ ਸਨ, ਨੂੰ ਆਤਮ-ਵਾਇਰਲੈਸ ਪੁਜ ਗਈ ਅਤੇ ਉਹ ਤੁਰਤ ਪਰਸ਼ਾਦੇ ਸਜਾ ਕੇ ਅੱਧੀ ਰਾਤ ਨੂੰ ਹੀ ਢਾਬ ਤੇ ਲੈ ਆਏ। ਚਾਰ ਬਾਟੇ ਤੇ ਜਲ ਦਾ ਸਰਬ ਲੋਹੀ ਗੜਵਾ ਵੀ ਨਾਲ ਸੀ। ਇਹ ਪੇਖ ਕੇ ਭਾਈ ਸਰਵਣ ਸਿੰਘ ਜੀ ਦੀਆਂ ਡਾਡਾਂ ਨਿਕਲ ਗਈਆਂ ਅਤੇ ਆਪਣੇ ਕਪਾਟ ਖੁਲ੍ਹੇ ਹੋਏ ਹੋਣ ਦੀ ਸੂਖਸ਼ਮ ਹਉਮੈ ਦੀ ਕੜ ਟੁਟ ਗਏ। ਹੈਰਾਨ ਹੋ ਕੇ ਬੇਬੇ ਜੀ ਦੀ ਚਰਨੀਂ ਢਹਿ ਪਏ ਅਤੇ ਕਹਿਣ ਲਗੇ ਕਿ ਇਨ੍ਹਾਂ ਨੂੰ ਕਿਸ ਅਗੰਮੀ ਸ਼ਕਤੀ ਨੇ ਇਕ ਮੀਲ ਤੇ ਬੈਠਿਆਂ ਨੂੰ ਸੂਝ ਬਖਸ਼ੀ ਕਿ ਅਸੀਂ ਚਾਰ ਸਿੰਘ ਢਾਬ ਤੇ ਬੈਠੇ ਗਫੇ ਲਾਉਣ ਵਾਲੇ ਹਾਂ।

ਇਸ ਢਾਬ ਤੇ ਭਾਈ ਸਰਵਣ ਸਿੰਘ ਜੀ ਫਲੇਵਾਲ ਨਾਲ ਪਈਆਂ ਪ੍ਰੇਮ-ਪੀਂਘਾਂ ਦੀਆਂ ਵੀ ਅਚਰਜ ਕਹਾਣੀਆਂ ਹਨ। ਕਈ ਵਾਰ ਭਾਈ ਸਾਹਿਬ ਤੇ ਭਾਈ ਸਰਵਣ ਸਿੰਘ ਜੀ ਨੇ ਸਾਰੀ ਸਾਰੀ ਰਾਤ ਦੋਹਾਂ ਪਿੰਡਾਂ ਦੇ ਵਿਚਕਾਰ ਹੀ ਘੁੰਮਦੇ ਰਹਿਣਾ ਅਤੇ ਕੌਂਘੀਆਂ ਪਾ ਕੇ ਨਾਮ-ਅਭਿਆਸੀ ਲਟਕ ਵਿਚ ਇਸ ਉਦਿਆਨ ਅਸਥਾਨ ਵਿਚ ਘੁੰਮਦਿਆਂ ਫਿਰਦਿਆਂ ਨੇ ਸਾਰੀ ਸਾਰੀ ਰਾਤ ਬਿਤਾ ਦੇਣੀ।

ਪੁਸਤਕ ਜੋਤਿ ਵਿਗਾਸ ਦੀ ਅੰਤਿਕਾ ਵਿਚ ਇਸ ਢਾਬ ਤੇ ਵਾਪਰਿਆ ਇਕ ਅਸਚਰਜ ਪਰਸੰਗ ਇਉਂ ਦਰਜ ਹੈ—

''ਜਥੇਦਾਰ ਰਾਮ ਸਿੰਘ ਜੀ ਦੇ ਘਰ ਅਖੰਡਪਾਠ ਦੇ ਸਮਾਗਮ ਦੀ ਸਪਾਪਤੀ ਪਿਛੋਂ ਭਾਈ ਸਾਹਿਬ ਜੀ, ਭਾਈ ਅਤਰ ਸਿੰਘ ਜੀ, ਗਿ: ਦਲੀਪ ਸਿੰਘ ਤੇ ਗਿ: ਹਰਿਭਜਨ ਸਿੰਘ ਜੀ ਸਮੇਤ ਗੁਜਰਵਾਲ ਤੋਂ ਆਪਣੇ ਪਿੰਡ ਨਾਰੰਗਵਾਲ ਨੂੰ ਆਉਂਦੇ ਹੋਏ, ਗੁਜਰਵਾਲ ਦੀ ਢਾਬ ਮੱਲੇਆਣੇ ਪਰ ਜਾ ਬੈਠੇ।

*ਪਿਪਲ, ਬਰੋਟ ਅਤੇ ਨਿੰਮ ਦੇ ਬ੍ਰਿਛਾਂ ਦੇ ਇਕੱਠੇ ਜਮਾਉ ਅਤੇ ਉਗਵਾਉ ਨੂੰ ਤ੍ਰਿਬੈਣੀ ਆਖਿਆ ਕਰਦੇ ਹਨ।



www.AKJ.Org

ਗੁਜਰਵਾਲ ਤੋਂ ਨਾਰੰਗਵਾਲ ਦਾ ਰਸਤਾ ਭੀ ਇਸ ਤੋਂ ਥੋੜੀ ਦੂਰ ਪਰ ਹੀ ਜਾਂਦਾ ਹੈ।...ਸ਼ਾਮ ਨੂੰ ਅਕਸਰ ਇਸ ਢਾਬ ਦੇ ਕੰਢੇ ਬੈਠ ਕੇ ਭਾਈ ਸਾਹਿਬ ਰਹਿਰਾਸ ਸਾਹਿਬ ਦਾ ਪਾਠ ਕਰਿਆ ਕਰਦੇ ਸਨ। ਕਈ ਵਾਰ ਬਹੁਤ ਸਿੰਘ ਭੀ ਨਾਲ ਹੁੰਦੇ ਸਨ। ਢਾਬ ਦਾ ਪਰਸੰਗ ਇਹ ਹੈ ਕਿ ਇਥੇ ਆ ਕੇ ਭਾਈ ਸਾਹਿਬ ਨੇ ਚਿਤਵਿਆ ਕਿ ਗਿ: ਹਰਿਭਜਨ ਸਿੰਘ ਤੇ ਗਿ: ਦਲੀਪ ਸਿੰਘ ਦੋਹਾਂ ਨੂੰ ਨਾਮ ਦੇ ਙੜੇ ਰੰਗ* ਚੜ੍ਹੇ ਹਨ। ਜੋਤਿ ਦਾ ਝਲਕਾਰ ਇਨ੍ਹਾਂ ਦੇ ਅੰਦਰ ਚਮਕ ਰਿਹਾ ਹੈ। ਇਨ੍ਹਾਂ ਦੇ ਚਰਨ ਚੁੰਮੀਏ। ਇਤਨੇ ਨੂੰ ਇਹ ਦੋਨੋਂ ਸਜਣ ਢਾਬ ਦੇ ਕੰਢੇ ਸਜ ਕੇ ਨਾਮ-ਰੰਗਾਂ ਵਿਚ ਮਸਤ ਹੀ ਸੌਂ ਗਏ। ਇਧਰ ਭਾਈ ਸਾਹਿਬ ਨੇ ਅਰਦਾਸਾ ਕੀਤਾ ਕਿ ਅਸੀਂ ਇਨ੍ਹਾਂ ਦੇ ਚਰਨ ਚਟੀਏ ਤੇ ਇਨ੍ਹਾਂ ਨੂੰ ਪਤਾ ਵੀ ਨਾ ਲਗੇ। ਜਦ ਇਹ ਦੋਨੋਂ ਸੌਂ ਗਏ ਤਾਂ ਭਾਈ ਸਾਹਿਬ ਨੇ ਚਰਨ ਚਟਣ ਤੋਂ ਉਪਰੰਤ, ਇਨ੍ਹਾਂ ਦੋਹਾਂ ਦੇ ਚਰਨ ਆਤਮਿਕ ਬਲ ਨਾਲ ਆਪਣੇ ਹਿਰਦੇ ਵਿਚ ਰਖ ਲਏ। ਜਦ ਇਹ ਖੇਡ ਵਰਤ ਰਹੀ ਸੀ ਤਾਂ ਭਾਈ ਅਤਰ ਸਿੰਘ ਜੀ ਚਕਵਾਲ ਪਾਸ ਹੀ ਬੈਠੇ ਸਨ। ਜਦੋਂ ਭਾਈ ਹਰਿਭਜਨ ਸਿੰਘ ਤੇ ਦਲੀਪ ਸਿੰਘ ਕੁਝ ਚਿਰ ਪਿਛੋਂ ਜਾਗੇ ਤਾਂ ਉਨ੍ਹਾਂ ਨੂੰ ਆਪਣੇ ਪੈਰ ਲੱਤਾਂ ਨਾਲ ਲਗੇ ਦਿਖਾਈ ਹੀ ਨਾ ਦੇਣ ਤੇ ਨਾ ਭਾਈ ਸਾਹਿਬ ਹੀ ਨਜ਼ਰ ਆਉਣ। ਉਹ ਬੜੇ ਹੈਰਾਨ ਹੋਏ ਤੇ ਉਨ੍ਹਾਂ ਭਾਈ ਅਤਰ ਸਿੰਘ ਜੀ ਨੂੰ ਪੁਛਿਆ। ਭਾਈ ਅਤਰ ਸਿੰਘ ਜੀ ਨੇ ਦਸਿਆ ਕਿ ਤੁਸੀਂ ਅਰਦਾਸ ਸੋਧੋ ਤੁਹਾਡਾ ਕਾਰਜ ਸਿੱਧ ਹੋ ਜਾਏਗਾ। ਜਦ ਇਨ੍ਹਾਂ ਨੇ ਅਰਦਾਸਾ ਸੋਧਿਆ ਤਾਂ ਦੋਹਾਂ ਨੂੰ ਆਪਣੇ ਚਰਨ ਵੀ ਸਰੀਰ ਨਾਲ ਲਗੇ ਲਭ ਗਏ ਤੇ ਭਾਈ ਸਾਹਿਬ ਵੀ ਨਜ਼ਰ ਆ ਗਏ। ਫੇਰ ਏਥੋਂ ਉਠ ਕੇ ਭਾਈ ਸਾਹਿਬ ਕਈ ਦਿਨ ਪਿਛੋਂ ਇਨ੍ਹਾਂ ਸਭਨਾਂ ਸਮੇਤ ਆਪਣੇ ਘਰ ਨਾਰੰਗਵਾਲ ਪਹੁੰਚੇ।"

*ਪਿੰਡ ਗੁਜਰਵਾਲ ਜਥੇਦਾਰ ਰਾਮ ਸਿੰਘ ਜੀ ਦੇ ਘਰ ਗਿ: ਦਲੀਪ ਸਿੰਘ ਤੇ ਗਿ: ਹਰਿਭਜਨ ਸਿੰਘ ਜੀ ਨੇ ਇਕ ਚੌਕੜੇ ਬੈਠ ਕੇ ਸਾਰਾ ਅਖੰਡ ਪਾਠ ਸ੍ਰਵਣ ਕਰ ਕੇ ਅੰਮ੍ਰਿਤ ਛਕਿਆ ਸੀ। ਉਸ ਵੇਲੇ ਇਨ੍ਹਾਂ ਦੀ ਉਮਰ ੧੨ ਸਾਲ ਤੇ ੧੪ ਸਾਲ ਦੀ ਸੀ। ਇਹ ਜ਼ਿਕਰ ੧੯੩੧ ਈ: ਦਾ ਹੈ।

## ਵਿਛੜੀਆਂ ਰੂਹਾਂ ਲਈ ਮਿਠਾਪੁਰ (ਜਲੰਧਰ) ਵਿਖੇ ਸਮਾਗਮ

੯-੧੦-੭੭ ਨੂੰ ਮਿਠਾਪੁਰ ਵਿਖੇ ਗੁਰਮੁਖ ਪਿਆਰੇ ਮਾ: ਸੁੰਦਰ ਸਿੰਘ ਜੀ ਅੰਮ੍ਰਿਤ ਵੇਲੇ ਅਕਾਲ ਚਲਾਣਾ ਕਰ ਗਏ ਅਤੇ ਉਸੇ ਦਿਨ ਕਰਨਲ ਦਲਜੀਤ ਸਿੰਘ ਦੀ ਬੱਚੀ ਬੀਬੀ ਜਗਦੀਪ ਕੌਰ ਪਰਵਾਰ ਤੋਂ ਵਿਛੜ ਗਈ। ਦੋਹਾਂ ਰੂਹਾਂ ਨਮਿਤ ੧੩-੧੧-੭੭ ਨੂੰ ਕਰਨਲ ਦਲਜੀਤ ਸਿੰਘ ਜੀ ਦੇ ਗ੍ਰਿਹ ਵਿਖੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਪਾਠਾਂ ਦੇ ਭੋਗ ਪੈਣਗੇ। ੧੨ ਵਜੇ ਦਿਨੇ ਸਮਾਪਤੀ ਹੋਵੇਗੀ। ਸਮੂਹ ਪਿਆਰੇ ਵਿਛੜੀਆਂ ਰੂਹਾਂ ਦੀ ਅਰਦਾਸ ਵਿਚ ਸ਼ਾਮਲ ਹੋ ਕੇ ਸੇਵਕਾਂ ਨੂੰ ਧੰਨਵਾਦੀ ਬਣਾਉਣ।

## ਦਿਲੀ ਅਖੰਡ ਕੀਰਤਨੀ ਜੱਥੇ ਦਾ ਯਾਤਰਾ ਪਰੋਗਰਾਮ

ਦਿਲੀ ਜਥੇ ਦੇ ਸਿੰਘ ਸਿੰਘਣੀਆਂ ਹੇਠ ਲਿਖੇ ਅਨੁਸਾਰ ਯਾਤਰਾ ਤੇ ਜਾ ਰਹੇ ਹਨ—ਨਵੰਬਰ ੧੧-੧੩ ਆਗਰਾ, ੧੪-੧੬ ਬੰਬਈ, ੧੭-੧੯ ਹਜ਼ੂਰ ਸਾਹਿਬ, ਨਾਨਕ ਝੀਰਾ, ੨੧-੨੨ ਬੰਗਲੌਰ, ੨੨-੨੩ ਮੈਸੂਰ, ੨੪-੨੬ (ਗੁਰਪੁਰਬ) ਮਦਰਾਸ, ੨੮-੨੯ ਬੰਬਈ, ਦਸੰਬਰ ੨-੩ ਪਟਨਾ ਸਾਹਿਬ। ਸਮੇਂ ਅਨੁਸਾਰ ਸਥਾਨਕ ਸੰਗਤਾਂ ਕੀਰਤਨ ਸਵੇਰੇ ਸ਼ਾਮ ਰਖ ਸਕਦੀਆਂ ਹਨ।

ਦਾਸਰਾ—ਮੇਹਰ ਸਿੰਘ, 2/8 'B' Peshwa Rd, New Delhi-1 (Phone 345416)

# ਯੂ. ਕੇ. ਵਿਖੇ ਗੁਰਬਾਣੀ ਦੀ ਅੰਮ੍ਰਿਤ-ਵਰਖਾ

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਸਮੇਂ, ਕ੍ਰਿਮਮਿਸ ਦੀਆਂ ਛੁਟੀਆਂ ਵਿਚ ੨੫-੨੬-੨੭ ਦਸੰਬਰ ਨੂੰ ਇੰਗਲੈਂਡ ਨਿਵਾਸੀ ਸਿੰਘਾਂ ਸਿੰਘਣੀਆਂ ਵਲੋਂ ਸ੍ਰੀ ਅਖੰਡਪਾਠ, ਅਖੰਡ ਕੀਰਤਨ ਤੇ ਅੰਮਿਤ-ਸੰਚਾਰ ਦੇ ਪ੍ਰੋਗਰਾਮ ਹੇਠ ਲਿਖੇ ਅਸਥਾਨ ਤੇ ਹੋ ਰਹੇ ਹਨ। ਯੂ. ਕੇ. ਨਿਵਾਸੀ ਸਭ ਮਾਈ ਭਾਈ ਹਾਜ਼ਰੀਆਂ ਭਰ ਕੇ ਅੰਮ੍ਰਿਤ-ਬਾਣੀ ਦੇ ਰਸ ਭੁੰਚਣ। ਪ੍ਰੋਗਰਾਮ ਅਸਥਾਨ—

H. S. Sarai, 110-A, Lutan Road, Chathan-Kent (Phone 0634-407547)

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰ ਵਿਚੋਂ ਪਹਿਲੇ ਮੈਂਬਰ ਦੇ ਢਾਈ ਸੌ ਅਤੇ ਬਾਕੀਆਂ ਦੇ ਸੌ ਸੌ ਰੁਪਏ ਪੁੱਜੇ ਹਨ।
ਐਫ ਡੀਆਂ ਦੇ ਨੰਬਰ ਸਾਮ੍ਹਣੇ ਦਰਜ ਹਨ।

| | | | |
|---|---|---|---|
| 294. ਸ. ਗੱਜਨ ਸਿੰਘ ਜੀ ਯੂ. ਕੇ. | (ਚਿਟ ਨੰ: 3294) | 222531/1359/77 | ਮਿਤੀ 29-10-77 |
| 295. ਸ. ਐਮ. ਐਸ. ਮਰਵਾਹ | ( ,, 3295) | 222532/1360/77 | ,, |
| 296. ਸ. ਜੋਗਿੰਦਰ ਸਿੰਘ ਜੀ | ( ,, 3296) | 222533/1361/77 | ,, |
| 297. ਸ. ਹਰਬੰਸ ਸਿੰਘ ਛਾਬੜਾ | ( ,, 3297) | 222534/1362/77 | ,, |
| 298. ਸ. ਕੁਲਦੀਪ ਸਿੰਘ ਜੀ | ( ,, 3298) | 222535/1363/77 | ,, |
| 299. ਸ. ਹਰਨਾਮ ਸਿੰਘ ਜੀ | ( ,, 3299) | 222536/1364/77 | ,, |
| 300. ਸ. ਕਰਮਜੀਤ ਸਿੰਘ ਜੀ | ( ,, 3300) | 222537/1365/77 | ,, |
| 301. ਬੀਬੀ ਹਰਦੀਪ ਕੌਰ ਜੀ | ( ,, 3301) | 222538/1366/77 | ,, |
| 302. ਸ. ਗੁਰਿੰਦਰ ਸਿੰਘ ਭੱਲਾ | ( ,, 3302) | 222539/1367/77 | ,, |
| 303. ਕੈਪਟਨ ਜੋਗਿੰਦਰ ਸਿੰਘ ਜੀ | ( ,, 3303) | 222540/ 368/77 | ,, |
| 304. ਸ. ਇਕਬਾਲ ਸਿੰਘ ਜੀ | ( ,, 3304) | 222541/1369/77 | ,, |
| 305. ਸ. ਅਵਤਾਰ ਸਿੰਘ ਢਿਲੋਂ | ( ,, 3305) | 222542/1370/77 | ,, |
| 306. ਸ. ਸੁਖਦੇਵ ਸਿੰਘ ਗੁਜਰਾਲ | ( ,, 3306) | 222543/1371/77 | ,, |
| 307. ਸ. ਅਮਰਜੀਤ ਸਿੰਘ ਖੁਰਾਣਾ | ( ,, 3307) | 222544/1372/77 | ,, |
| 308. ਸ. ਹਰਭੁਪਿੰਦਰ ਸਿੰਘ ਜੀ | ( ,, 3308) | 222545/1373/77 | ,, |
| 309. ਸ ਸੁਜਾਨ ਸਿੰਘ ਜੀ | ( ,, 3309) | 222546/1374/77 | ,, |
| 310. ਸ. ਕਿਰਪਾਲ ਸਿੰਘ ਜੀ | ( ,, 3310) | 222547/1375/77 | ,, |
| 311. ਭਗਤ ਹਰਦਿਤ ਸਿੰਘ ਜੀ | ( ,, 3311) | 222548/1376/77 | ,, |
| 312. ਸ. ਜਗਮੋਹਨ ਸਿੰਘ ਜੀ | ( ,, 3312) | 222549/1377/77 | ,, |
| 313. ਸ. ਅਮਰੀਕ ਸਿੰਘ ਜੀ | ( ,, 3313) | 222550/1378/77 | ,, |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸੰਗਤ ਅਖੰਡ ਕੀਰਤਨੀ ਜਥਾ ਗਰੇਵਜ਼ੈਂਡ ਯੂ. ਕੇ | 328-75 |
| ਸ. ਪ੍ਰੀਤਮ ਸਿੰਘ ਦਲੀਪ ਸਿੰਘ ਜੀ ਦਿਲਵਾ | 11-00 |
| ਸ. ਮਲਕੀਤ ਸਿੰਘ ਤੇ ਸਾਥੀ ਗਰੇਵਜੈਂਡ ਯੂ. ਕੇ | 44-70 |
| ਸ. ਹਰਦੇਵ ਸਿੰਘ ਜੀ ਦਿਲੀ ਕੈਂਟ | 11-00 |
| ਸ. ਗੋਪਾਲ ਸਿੰਘ ਜੀ ਗੋਪਾਲ ਪੁਰੀ | 5-00 |
| ਸ. ਸੰਤ ਸਿੰਘ ਜੀ ਬਰੇਲੀ ਵਲੋਂ ਮਾਤਾ ਜੀ ਦੀ ਯਾਦ ਵਿਚ | 5-00 |
| ਸ. ਗਿਆਨ ਸਿੰਘ ਜੀ ਬਰੇਲੀ | 5-00 |
| ਸ. ਆਗਿਆ ਸਿੰਘ ਜੀ ਕਾਨਪੁਰ | 100-00 |

ਵਾਹਿਗੁਰੂ ਸਭ ਨੂੰ ਨਾਮ ਦਾਨ ਤੇ ਖ਼ੁਸ਼ੀਆਂ ਬਖਸ਼ਣ।

www.AKJ.Org

# ਜਲੰਧਰ ਵਿਖੇ ਸਾਲਾਨਾ ਨਿਰੰਕਾਰੀ ਗੁਰਪੁਰਬ ਸਮੇਂ ਅਖੰਡ ਕੀਰਤਨ ਪ੍ਰੋਗਰਾਮ

## ੨੩ ਨਵੰਬਰ ਬੁਧਵਾਰ ਸਵੇਰ ਤੋਂ ੨੬ ਨਵੰਬਰ ਸ਼ਨੀਵਾਰ ਸਵੇਰ ਤਕ

ਹਮੇਸ਼ਾ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਪਿਤਾ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਖੇ ਮਨਾਇਆ ਜਾ ਰਿਹਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ-ਸਾਥੀ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਓਂ ਥਾਂ ਥਾਂ ਤੋਂ ਪੁਜਣਗੇ ਤੇ ਹਰਿ-ਜਸ ਕੀਰਤਨ ਦੇ ਛਾਂਦੇ ਭੁੰਚਣ ਭੁੰਚਾਣਗੇ। ਸਮੂੰਹ ਵੀਰ ਭੈਣਾਂ ਹਾਜ਼ਰੀ ਭਰ ਕੇ ਧੁਰ ਕੀ ਬਾਣੀ ਦੇ ਸੱਚੇ ਸੁੱਚੇ ਲਾਹੇ ਪ੍ਰਾਪਤ ਕਰੋ ਜੀ।

### - ਪ੍ਰੋਗਰਾਮ -

੨੩-੧੧-੭੭ ਬੁਧਵਾਰ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ
੨੪-੧੧-੭੭ ਵੀਰਵਾਰ ਸਵੇਰੇ ੫ ਤੋਂ ੧੨ ਅਖੰਡ ਕੀਰਤਨ
ਸ਼ਾਮ ੭ ਤੋਂ ੯ ਸੋਦਰ ਉਪਰੰਤ ਅਖੰਡ ਕੀਰਤਨ
੨੫-੧੧-੭੭ ਸ਼ੁਕਰਵਾਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਇਕ ਵਜੇ ਦੁਪਹਿਰ ਤਕ ਅਖੰਡ ਕੀਰਤਨ

ਰੈਣ-ਸਬਾਈ ਕੀਰਤਨ—ਸੋਦਰ ਉਪਰੰਤ ੮ ਵਜੇ ਅਰੰਭ, ਸ਼ਨੀਵਾਰ ੭ ਵਜੇ ਆਸਾ ਦੀ ਵਾਰ ਉਪਰੰਤ ਸਮਾਪਤੀ।

ਅੰਮ੍ਰਿਤ-ਸਿੰਚਾਰ—੨੫ ਨਵੰਬਰ ਸ਼ੁਕਰਵਾਰ ਨੂੰ ਬਾਅਦ ਦੁਪਹਿਰ ਅਰੰਭ।

ਰਿਹਾਇਸ਼, ਲੰਗਰ ਤੇ ਕੀਰਤਨ ਪ੍ਰੋਗਰਾਮ ਆਦਿ ਦਾ ਪਰਬੰਧ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੋਵੇਗਾ।

ਨੋਟ—(੧) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ। (੨) ਅਨੰਦ ਕਾਰਜ ਕਰਾਉਣ ਵਾਲੇ ਜੋੜੇ ਤਿਆਰ ਹੋ ਕੇ ਪੁਜਣ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ, ਜਲੰਧਰ

---

# ਆਗਰੇ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ੧੦ ਨਵੰਬਰ ਵੀਰਵਾਰ ਸਵੇਰ ਤੋਂ ੧੩ ਨਵੰਬਰ ਐਤਵਾਰ ਸਵੇਰ ਤਕ

ਗੁਰੂ ਪਾਤਸ਼ਾਹ ਦੀ ਕਿਰਪਾ ਨਾਲ ਆਗਰਾ ਵਿਖੇ ਅਖੰਡ ਕੀਰਤਨ ਸਮਾਗਮ ਜੁੜ ਰਹੇ ਹਨ, ਜਿਸ ਵਿਚ ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ-ਸਾਥੀ ਅਖੰਡ ਕੀਰਤਨੀ ਜੱਥੇ ਭਾਰਤ ਭਰ ਤੋਂ ਪੁਜ ਰਹੇ ਹਨ। ਸਮੂਹ ਗੁਰਮੁਖ ਵੀਰ ਭੈਣਾਂ ਹੁਮ ਹੁਮਾ ਕੇ ਦਰਸ਼ਨ ਦੀਦਾਰ ਬਖ਼ਸ਼ੋ ਅਤੇ ਕੀਰਤਨ ਦੇ ਛਾਂਦੇ ਭੁੰਚ ਕੇ ਜਨਮ ਸਫ਼ਲਾ ਕਰੋ ਜੀ।

### - ਪ੍ਰੋਗਰਾਮ -

੧੦-੧੧-੭੭ ਵੀਰਵਾਰ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਭਾ: ਤ੍ਰਿਲੋਕ ਸਿੰਘ ਡਰਾਈ ਫ਼ਰੂਟ ਵਾਲੇ ਨੀਊ ਆਗਰਾ
ਸ਼ਾਮ ੬ ਤੋਂ ੯ ਸੋਦਰ ਤੇ ਅਖੰਡ ਕੀਰਤਨ ਗੁਰਦੁਆਰਾ ਬਾਲੂ ਗੰਜ
੧੧-੧੧-੭੭ ਸ਼ੁਕਰਵਾਰ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਗੁ: ਕਲਗੀਧਰ ਸਦਰ ਬਜ਼ਾਰ
ਸ਼ਾਮ ੬ ਤੋਂ ੯ ਸੋਦਰ ਤੇ ਅਖੰਡ ਕੀਰਤਨ ਗੁ: ਸਿੰਘ ਸਭਾ ਮਾਈ ਥਾਨ
੧੨-੧੧-੭੭ ਸ਼ਨੀਵਾਰ ਸਵੇਰੇ ੫ ਤੋਂ ੧੨ ਆਸਾ ਦੀ ਵਾਰ, ਗੁਰਦੁਆਰਾ ਗੁਰੂ ਕਾ ਤਾਲ
ਸ਼ਾਮ ੮ ਵਜੇ ਅਰੰਭ ਰੈਣ ਸਬਾਈ ਕੀਰਤਨ ਗੁ: ਕਾਛੀਪੁਰਾ (ਰੇਲਵੇ ਇੰਸਟੀਚਿਊਟ)

ਅੰਮ੍ਰਿਤ-ਸਿੰਚਾਰ—੧੨ ਨਵੰਬਰ ਸ਼ਨੀਵਾਰ ੨ ਵਜੇ ਦੁਪਹਿਰ ਪਿਛੋਂ ਗੁ: ਕਾਛੀਪੁਰਾ ਵਿਖੇ ਹੋਵੇਗਾ।

ਨੋਟ—(੧) ਰਿਹਾਇਸ਼ ਤੇ ਲੰਗਰ ਰੇਲਵੇ ਇੰਸਟੀਚਿਊਟ ਆਗਰਾ ਕੈਂਟ (ਸਟੇਸ਼ਨ ਦੇ ਨੇੜੇ) ਵਿਖੇ ਹੋਵੇਗਾ।
(੨) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ।

ਪੁਛ ਗਿਛ—H. No. 16/1 S. P. Line, A. F. Station, Agra

ਦਾਸਰੇ—ਅਖੰਡ ਕੀਰਤਨੀ ਜੱਥਾ, ਆਗਰਾ

---



www.AKJ.Org